ਦਲਾਈ ਲਾਮਾ ਦੀ ਆਤਮਕਥਾ

-13-

ਦੇਸ਼ ਦੀ ਖ਼ਬਰ

1959 ਦੇ ਸ਼ੁਰੂ ਵਿੱਚ, ਜਦੋਂ ਤਣਾਅ ਮੁੜ ਦੁਬਾਰਾ ਆਖਰੀ ਤਬਾਹੀ ਦੇ ਸਿਖਰ 'ਤੇ ਪਹੁੰਚਣ ਲੱਗੇ, ਤਾਂ ਮੈਂ ਚੀਨੀ ਫੌਜ ਵੱਲੋਂ ਚੇਅਰਮੈਨ ਮਾਓ ਨੂੰ ਭੇਜੇ ਗਏ ਇੱਕ ਮੈਮੋਰੰਡਮ ਬਾਰੇ ਸੁਣਿਆ। ਇਸ ਵਿੱਚ ਕਿਹਾ ਗਿਆ ਸੀ ਕਿ ਤਿੱਬਤੀ ਚੀਨੀ ਫੌਜ ਦੀ ਨਿਰੰਤਰ ਮੌਜੂਦਗੀ ਤੋਂ ਨਾਖੁਸ਼ ਸਨ ਅਤੇ ਅਵੱਗਿਆ (ਨਾਮਿਲਵਰਤਨ) ਇੰਨੀ ਫੈਲ ਗਈ ਸੀ ਕਿ ਸਾਰੀਆਂ ਜੇਲ੍ਹਾਂ ਭਰ ਗਈਆਂ ਸਨ। ਕਿਹਾ ਜਾਂਦਾ ਹੈ ਕਿ ਮਾਓ ਨੇ ਜਵਾਬ ਦਿੱਤਾ ਸੀ, **"ਤਿੱਬਤੀਆਂ ਦੀਆਂ ਭਾਵਨਾਵਾਂ ਬਾਰੇ ਚਿੰਤਾ ਨਾ ਕਰੋ, ਉਹ ਅਪ੍ਰਸੰਗਿਕ ਹਨ। ਅਵੱਗਿਆ ਦੀ ਗੱਲ ਕਰੀਏ ਤਾਂ, ਅਧਿਕਾਰੀਆਂ ਨੂੰ ਲੋੜ ਪੈਣ 'ਤੇ ਪੂਰੀ ਆਬਾਦੀ ਨੂੰ ਜੇਲ੍ਹ ਵਿੱਚ ਪਾਉਣ ਲਈ ਤਿਆਰ ਰਹਿਣਾ ਚਾਹੀਦਾ ਹੈ। ਇਸ ਲਈ ਜਗ੍ਹਾ ਬਣਾਉਣੀ ਪਵੇਗੀ।"**
ਮੈਨੂੰ ਯਾਦ ਹੈ ਕਿ ਇਹ ਸੁਣ ਕੇ ਮੈਂ ਡਰ ਗਿਆ ਸੀ। ਇਹ ਉਸ ਸਮੇਂ ਤੋਂ ਕਿੰਨਾ ਵੱਖਰਾ ਸੀ ਜਦੋਂ ਮੈਂ ਲਹਾਸਾ ਦੇ ਹਰ ਕੈਦੀ ਨੂੰ ਪਛਾਣ ਸਕਦਾ ਸੀ ਅਤੇ ਹਰ ਇੱਕ ਨੂੰ ਆਪਣਾ ਸਾਥੀ ਸਮਝਦਾ ਸੀ।

ਉਸ ਸਮੇਂ ਦੀ ਇੱਕ ਕਹਾਣੀ ਸੁਣੋ ਜਦੋਂ ਮਾਓ ਨੂੰ ਇੱਕ ਰਿਪੋਰਟ ਭੇਜੀ ਗਈ ਸੀ ਕਿ ਮਾਰਚ ਦੇ ਦੰਗਿਆਂ ਤੋਂ ਬਾਅਦ ਵਿਵਸਥਾ ਬਹਾਲ ਹੋ ਗਈ ਹੈ। ਕਿਹਾ ਜਾਂਦਾ ਹੈ ਕਿ ਰਿਪੋਰਟ ਸੁਣ ਕੇ ਉਸਨੇ ਪੁੱਛਿਆ, "ਅਤੇ ਦਲਾਈ ਲਾਮਾ ਦਾ ਕੀ ਹੋਇਆ?" ਜਦੋਂ ਉਸਨੂੰ ਦੱਸਿਆ ਗਿਆ ਕਿ ਮੈਂ ਬਚ ਗਿਆ ਹਾਂ, ਤਾਂ ਉਸਨੇ ਜਵਾਬ ਦਿੱਤਾ, "ਫਿਰ ਅਸੀਂ ਖੇਡ ਹਾਰ ਗਏ ਹਾਂ।" ਉਦੋਂ ਤੋਂ, ਮੈਂ ਅਖ਼ਬਾਰਾਂ ਪੜ੍ਹ ਕੇ ਇਸ ਮਹਾਨ ਯੋਧੇ ਨਾਲ ਜੁੜੀਆਂ ਸਾਰੀਆਂ ਖ਼ਬਰਾਂ ਪ੍ਰਾਪਤ ਕਰ ਰਿਹਾ ਹਾਂ। ਸਤੰਬਰ 1976 ਵਿੱਚ ਮਾਓ ਦੀ ਮੌਤ ਤੱਕ, ਨਾ ਤਾਂ ਮੇਰਾ ਅਤੇ ਨਾ ਹੀ ਜਲਾਵਤਨ ਤਿੱਬਤੀ ਸਰਕਾਰ ਦਾ ਬੀਜਿੰਗ ਨਾਲ ਕੋਈ ਸਬੰਧ ਸੀ।

ਮਾਓ ਦੀ ਮੌਤ ਦੇ ਸਮੇਂ, ਮੈਂ ਜੰਮੂ ਅਤੇ ਕਸ਼ਮੀਰ ਦੇ ਇੱਕ ਦੂਰ-ਦੁਰਾਡੇ ਭਾਰਤੀ ਖੇਤਰ ਲੱਦਾਖ ਵਿੱਚ ਸੀ, ਜਿੱਥੇ ਮੈਂ 'ਕਾਲਚੱਕਰ' ਸਮਾਰੋਹ ਦਾ ਸੰਚਾਲਨ ਕਰ ਰਿਹਾ ਸੀ। ਇਸ ਤਿੰਨ ਦਿਨਾਂ ਸਮਾਰੋਹ ਦੇ ਦੂਜੇ ਦਿਨ, ਮਾਓ ਦੀ ਮੌਤ ਹੋ ਗਈ। ਤੀਜੇ ਦਿਨ, ਸਾਰੀ ਸਵੇਰ ਮੀਂਹ ਪਿਆ। ਪਰ ਦੁਪਹਿਰ ਨੂੰ, ਇੱਕ ਸੁੰਦਰ ਸਤਰੰਗੀ ਪੀਂਘ ਦਿਖਾਈ ਦਿੱਤੀ, ਜਿਸ ਤਰ੍ਹਾਂ ਦੀ ਮੈਂ ਸ਼ਾਇਦ ਹੀ ਕਦੇ ਦੇਖੀ ਹੋਵੇ। ਮੈਨੂੰ ਯਕੀਨ ਸੀ ਕਿ ਇਹ ਇੱਕ ਸ਼ੁਭ ਸ਼ਗਨ ਸੀ। ਪਰ ਇਸ ਸ਼ੁਭ ਸੰਕੇਤ ਦੇ ਬਾਵਜੂਦ, ਮੈਨੂੰ ਬੀਜਿੰਗ ਵਿੱਚ ਵਾਪਰੀਆਂ ਤਬਦੀਲੀਆਂ ਦੀ ਨਾਟਕੀ ਗਤੀ ਦੀ ਉਮੀਦ ਨਹੀਂ ਸੀ। ਇਸ ਤੋਂ ਥੋੜ੍ਹੀ ਦੇਰ ਬਾਅਦ, ਮਾਓ ਦੀ ਪਤਨੀ ਚਿਆਂਗ ਚਿੰਗ ਦੀ ਅਗਵਾਈ ਵਾਲੀ 'ਚੰਡਾਲ ਚੌਕੜੀ- ਜੁੰਡਲੀ' ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਦੇਸ਼ ਦੀ ਖ਼ਬਰ 197

ਜਲਦੀ ਹੀ ਇਹ ਸਪੱਸ਼ਟ ਹੋ ਗਿਆ ਕਿ ਇਹ ਉਹੀ ਲੋਕ ਸਨ ਜੋ ਕਈ ਸਾਲਾਂ ਤੋਂ ਚੀਨ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਰਾਜ ਕਰ ਰਹੇ ਸਨ, ਬਿਮਾਰ ਚੇਅਰਮੈਨ ਦੇ ਨਾਮ 'ਤੇ ਦੁਸ਼ਟ ਨੀਤੀਆਂ ਨੂੰ ਲਾਗੂ ਕਰ ਰਹੇ ਸਨ ਅਤੇ ਸੱਭਿਆਚਾਰਕ ਇਨਕਲਾਬ ਨੂੰ ਜਾਰੀ ਰੱਖਣ ਦਾ ਸਮਰਥਨ ਕਰ ਰਹੇ ਸਨ।

1977 ਵਿੱਚ, ਚੀਨ ਦੇ ਤਤਕਾਲੀ ਰਾਸ਼ਟਰਪਤੀ ਲੀ ਜ਼ਿਆਨੀਅਨ ਨੇ ਕਿਹਾ ਸੀ ਕਿ ਭਾਵੇਂ ਸੱਭਿਆਚਾਰਕ ਇਨਕਲਾਬ ਨੇ ਬਹੁਤ ਕੁਝ ਹਾਸਲ ਕੀਤਾ ਸੀ, ਪਰ ਇਸ ਨੇ ਕੁਝ ਨੁਕਸਾਨ ਵੀ ਪਹੁੰਚਾਇਆ ਸੀ। ਇਹ ਪਹਿਲਾ ਸੰਕੇਤ ਸੀ ਕਿ ਚੀਨੀ ਲੀਡਰਸ਼ਿਪ ਨੇ ਆਖਰਕਾਰ ਹਕੀਕਤ ਦਾ ਸਾਹਮਣਾ ਕਰਨਾ ਸ਼ੁਰੂ ਕਰ ਦਿੱਤਾ ਸੀ। ਫਿਰ ਅਪ੍ਰੈਲ ਵਿੱਚ, ਨਗਾਬੋ ਨਗਾਵਾਂਗ ਜਿਗਮੇ, ਜੋ ਉਸ ਸਮੇਂ ਤੱਕ ਬੀਜਿੰਗ ਪ੍ਰਸ਼ਾਸਨ ਦੇ ਉੱਚ-ਦਰਜੇ ਦੇ ਮੈਂਬਰ ਸਨ, ਨੇ ਚੀਨ ਦੇ ਲੋਕ ਗਣਰਾਜ ਦੇ ਨਵੇਂ ਰਾਸ਼ਟਰਪਤੀ ਵਜੋਂ ਅਸਤੀਫਾ ਦੇ ਦਿੱਤਾ।

ਤਿੱਬਤ ਬਾਰੇ ਇੱਕ ਸੁਲ੍ਹਾ-ਸਫਾਈ ਵਾਲੇ ਬਿਆਨ ਵਿੱਚ, ਚੀਨੀਆਂ ਨੇ ਜਨਤਕ ਤੌਰ 'ਤੇ ਐਲਾਨ ਕੀਤਾ ਕਿ ਚੀਨ ਦਲਾਈ ਲਾਮਾ ਅਤੇ ਉਨ੍ਹਾਂ ਦੇ ਪੈਰੋਕਾਰਾਂ ਦੀ ਵਾਪਸੀ ਦਾ ਸਵਾਗਤ ਕਰੇਗਾ ਜੋ ਭਾਰਤ ਭੱਜ ਗਏ ਸਨ। 1960 ਦੇ ਦਹਾਕੇ ਤੋਂ, ਚੀਨੀ ਉਨ੍ਹਾਂ ਸਾਰਿਆਂ ਨੂੰ ਬੁਲਾ ਰਹੇ ਸਨ ਜੋ ਤਿੱਬਤ ਛੱਡ ਕੇ ਚਲੇ ਗਏ ਸਨ, ਇਹ ਕਹਿ ਰਹੇ ਸਨ ਕਿ ਉਨ੍ਹਾਂ ਦਾ ਖੁੱਲ੍ਹੇ ਬਾਂਹਾਂ ਨਾਲ ਸਵਾਗਤ ਕੀਤਾ ਜਾਵੇਗਾ।

ਇਸ ਬਿਆਨ ਨੇ ਲੋਕਾਂ ਨੂੰ ਵਾਪਸ ਲੁਭਾਉਣ ਲਈ ਇੱਕ ਤੀਬਰ ਪ੍ਰਚਾਰ ਮੁਹਿੰਮ ਦੀ ਸ਼ੁਰੂਆਤ ਕੀਤੀ। ਸਾਨੂੰ "ਤਿੱਬਤ ਵਿੱਚ ਹੁਣ ਬੇਮਿਸਾਲ ਖੁਸ਼ੀ" ਬਾਰੇ ਬਹੁਤ ਕੁਝ ਸੁਣਨ ਨੂੰ ਮਿਲਿਆ। ਇਸ ਤੋਂ ਥੋੜ੍ਹੀ ਦੇਰ ਬਾਅਦ, ਮਾਓ

ਦੀ ਉੱਤਰਾਧਿਕਾਰੀ-ਇਨ-ਚੀਫ਼ ਹੁਆ ਗੁਓਫੇਂਗ ਨੇ ਤਿੱਬਤੀ ਪਰੰਪਰਾਵਾਂ ਨੂੰ ਬਹਾਲ ਕਰਨ ਦੀ ਗੱਲ ਕੀਤੀ ਅਤੇ, ਵੀਹ ਸਾਲਾਂ ਵਿੱਚ ਪਹਿਲੀ ਵਾਰ, ਬਜ਼ੁਰਗਾਂ ਨੂੰ ਇੱਕ ਵਾਰ ਫਿਰ ਜੋਖਾਂਗ ਮੰਦਰ ਦੀ ਪਰਿਕਰਮਾ ਕਰਨ ਅਤੇ ਰਾਸ਼ਟਰੀ ਪਹਿਰਾਵਾ ਪਹਿਨਣ ਦੀ ਇਜਾਜ਼ਤ ਦਿੱਤੀ ਗਈ। ਸਭ ਠੀਕ ਲੱਗ ਰਿਹਾ ਸੀ ਅਤੇ ਅਜਿਹਾ ਲੱਗ ਰਿਹਾ ਸੀ ਕਿ ਇਹ ਆਖਰੀ ਉਮੀਦ ਵਾਲਾ ਸੰਕੇਤ ਸਾਬਤ ਨਹੀਂ ਹੋਵੇਗਾ।

ਮੈਂ ਬਹੁਤ ਖੁਸ਼ ਅਤੇ ਹੈਰਾਨ ਸੀ ਜਦੋਂ, 25 ਫਰਵਰੀ 1978 ਨੂੰ, ਪੰਚੇਨ ਲਾਮਾ ਨੂੰ ਲਗਭਗ ਇੱਕ ਦਹਾਕੇ ਬਾਅਦ ਜੇਲ੍ਹ ਤੋਂ ਰਿਹਾਅ ਕੀਤਾ ਗਿਆ। ਅਤੇ ਥੋੜ੍ਹੀ ਦੇਰ ਬਾਅਦ, ਹੂ ਯਾਓਬਾਂਗ, ਜੋ ਉਸ ਸਮੇਂ ਸੱਤਾ ਵਿੱਚ ਸਨ, ਨੇ ਰਾਸ਼ਟਰਪਤੀ ਲੀ ਜ਼ਿਆਨੀਅਨ ਦੇ ਸੱਭਿਆਚਾਰਕ ਇਨਕਲਾਬ ਦੇ ਐਲਾਨ ਨੂੰ ਸੋਧ ਕੇ ਕਿਹਾ ਕਿ ਸੱਭਿਆਚਾਰਕ ਇਨਕਲਾਬ ਇੱਕ ਪੂਰੀ ਤਰ੍ਹਾਂ ਨਕਾਰਾਤਮਕ ਅਨੁਭਵ ਸੀ ਅਤੇ ਇਸ ਨੇ ਚੀਨ ਦਾ ਕੋਈ ਭਲਾ ਨਹੀਂ ਕੀਤਾ ਸੀ।

ਇਹ ਇੱਕ ਅਸਾਧਾਰਨ ਤਬਦੀਲੀ ਜਾਪਦੀ ਸੀ। ਪਰ ਮੈਨੂੰ ਅਜੇ ਵੀ ਮਹਿਸੂਸ ਹੋਇਆ ਕਿ ਜੇਕਰ ਚੀਨੀਆਂ ਦਾ ਦਿਲ ਸੱਚਮੁੱਚ ਬਦਲ ਗਿਆ ਹੈ, ਤਾਂ ਇਸਦਾ ਸਭ ਤੋਂ ਵਧੀਆ ਸੰਕੇਤ ਤਿੱਬਤ ਪ੍ਰਤੀ ਸੱਚਾ ਖੁੱਲ੍ਹਾਪਣ ਹੋਵੇਗਾ। ਇਸ ਲਈ ਤਿੱਬਤੀ ਲੋਕਾਂ ਦੇ ਰਾਸ਼ਟਰੀ ਵਿਦਰੋਹ ਦੀ ਉਨ੍ਹੀਵੀਂ ਵਰ੍ਹੇਗੰਢ ਨੂੰ ਮਨਾਉਣ ਲਈ ਦਿੱਤੇ ਗਏ ਆਪਣੇ 10 ਮਾਰਚ ਦੇ ਬਿਆਨ ਵਿੱਚ, ਮੈਂ ਚੀਨੀ ਅਧਿਕਾਰੀਆਂ ਨੂੰ ਵਿਦੇਸ਼ੀ ਲੋਕਾਂ ਨੂੰ ਤਿੱਬਤ ਵਿੱਚ ਸੁਤੰਤਰ ਯਾਤਰਾ ਕਰਨ ਦੀ ਆਗਿਆ ਦੇਣ ਲਈ ਕਿਹਾ। ਮੈਂ ਇਹ ਵੀ ਸੁਝਾਅ ਦਿੱਤਾ ਕਿ ਕਬਜ਼ੇ ਵਾਲੇ ਤਿੱਬਤ ਵਿੱਚ ਤਿੱਬਤੀ ਪਰਿਵਾਰਾਂ ਨੂੰ ਜਲਾਵਤਨ ਤਿੱਬਤੀਆਂ ਨੂੰ ਮਿਲਣ ਦੀ ਆਗਿਆ ਦਿੱਤੀ ਜਾਵੇ। ਮੈਨੂੰ ਲੱਗਾ ਕਿ ਜੇਕਰ ਛੇ ਮਿਲੀਅਨ ਤਿੱਬਤੀ ਸੱਚਮੁੱਚ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਖੁਸ਼ ਅਤੇ ਖੁਸ਼ਹਾਲ ਸਨ, ਜਿਵੇਂ ਕਿ ਕਿਹਾ ਜਾ ਰਿਹਾ ਸੀ, ਤਾਂ ਬਹਿਸ ਦੀ ਕੀ ਲੋੜ ਸੀ। ਪਰ ਅਸੀਂ ਸਿਰਫ਼ ਤਾਂ ਹੀ ਸਹਿਮਤ ਹੋਵਾਂਗੇ ਜੇਕਰ ਸਾਨੂੰ ਇਹਨਾਂ ਬਿਆਨਾਂ ਦੀ ਸੱਚਾਈ ਨੂੰ ਖੁਦ ਦੇਖਣ ਦਾ ਮੌਕਾ ਦਿੱਤਾ ਜਾਵੇ।

ਮੈਨੂੰ ਹੈਰਾਨੀ ਹੋਈ ਜਦੋਂ ਇਹ ਲੱਗਿਆ ਕਿ ਮੇਰੇ ਸੁਝਾਵਾਂ 'ਤੇ ਧਿਆਨ ਦਿੱਤਾ ਜਾ ਰਿਹਾ ਹੈ।

198 ਅਜ਼ਾਦ ਸ਼ਰਨਾਰਥੀ

ਬਹੁਤ ਸਮਾਂ ਨਹੀਂ ਬੀਤਿਆ ਜਦੋਂ ਪਹਿਲੇ ਵਿਦੇਸ਼ੀ ਯਾਤਰੀਆਂ ਨੂੰ ਤਿੱਬਤ ਜਾਣ ਦੀ ਇਜਾਜ਼ਤ ਦਿੱਤੀ ਗਈ ਸੀ। ਇਸ ਤੋਂ ਬਾਅਦ ਬਾਹਰ ਰਹਿਣ ਵਾਲੇ ਤਿੱਬਤੀਆਂ ਲਈ ਤਿੱਬਤ ਜਾਣ ਅਤੇ ਅੰਦਰ ਰਹਿਣ ਵਾਲਿਆਂ ਲਈ ਬਾਹਰ ਜਾਣ ਅਤੇ ਤਿੱਬਤੀਆਂ ਨੂੰ ਮਿਲਣ ਦੇ ਪ੍ਰਬੰਧ ਕੀਤੇ ਗਏ ਸਨ। ਪਰ ਯਾਤਰਾ ਅਜੇ ਵੀ ਬੇਰੋਕ ਨਹੀਂ ਸੀ।

ਚੀਨ ਵਿੱਚ ਇਹ ਉਥਲ-ਪੁਥਲ ਉਸ ਸਮੇਂ ਹੋਈ ਜਦੋਂ ਭਾਰਤ ਵਿੱਚ ਵੀ ਮਹੱਤਵਪੂਰਨ ਤਬਦੀਲੀਆਂ ਹੋ ਰਹੀਆਂ ਸਨ। 1977 ਵਿੱਚ ਐਮਰਜੈਂਸੀ ਤੋਂ ਬਾਅਦ ਹੋਈਆਂ ਚੋਣਾਂ ਵਿੱਚ, ਸ਼੍ਰੀਮਤੀ ਇੰਦਰਾ ਗਾਂਧੀ ਹਾਰ ਗਈ। ਉਨ੍ਹਾਂ ਦੀ ਜਗ੍ਹਾ ਮੋਰਾਰਜੀ ਦੇਸਾਈ ਨੇ ਲਈ ਜਿਨ੍ਹਾਂ ਦੀ ਜਨਤਾ ਪਾਰਟੀ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਕਾਂਗਰਸ ਤੋਂ ਬਾਅਦ ਆਈ ਸੀ। ਇੰਦਰਾਜੀ ਨੂੰ ਦੁਬਾਰਾ ਸੱਤਾ ਵਿੱਚ ਆਉਣ 'ਲਈ ਬਹੁਤ ਸਮਾਂ ਨਹੀਂ ਲੱਗਿਆ । ਇਸ ਦੌਰਾਨ ਮੋਰਾਰਜੀ ਦੇਸਾਈ ਨਾਲ ਮੇਰੀ ਜਾਣ-ਪਛਾਣ ਡੂੰਘੀ ਹੋ ਗਈ, ਜਿਨ੍ਹਾਂ ਨੂੰ ਮੈਂ ਪਹਿਲੀ ਵਾਰ 1956 ਵਿੱਚ ਮਿਲਿਆ ਸੀ ਅਤੇ ਜਿਨ੍ਹਾਂ ਨੂੰ ਮੈਂ ਪਹਿਲਾਂ ਹੀ ਜਾਣਦਾ ਅਤੇ ਪਸੰਦ ਕਰਦਾ ਸੀ।

ਇਹ ਲਾਈਨਾਂ ਲਿਖਣ ਸਮੇਂ ਉਹ ਠੀਕ ਹਨ, ਹਾਲਾਂਕਿ ਬਹੁਤ ਬੁੱਢੇ ਹਨ, ਅਤੇ ਮੈਂ ਉਨ੍ਹਾਂ ਨੂੰ ਇੱਕ ਕਰੀਬੀ ਦੋਸਤ ਮੰਨਿਆ ਹੈ। ਉਹ ਇੱਕ ਸ਼ਾਨਦਾਰ ਚਿਹਰੇ, ਜੀਵੰਤ ਦਿਲ ਅਤੇ ਚਿੰਤਾਵਾਂ ਤੋਂ ਮੁਕਤ ਇੱਕ ਅਸਾਧਾਰਨ ਵਿਅਕਤੀ ਹੈ। ਇਸਦਾ ਮਤਲਬ ਇਹ ਨਹੀਂ ਹੈ ਕਿ ਉਹ ਬਿਨਾਂ ਕਿਸੇ ਨੁਕਸ ਦੇ ਹੈ। ਪਰ ਮਹਾਤਮਾ ਗਾਂਧੀ ਵਾਂਗ, ਉਸਦੀ ਰੋਜ਼ਾਨਾ ਦੀ ਰੁਟੀਨ ਬਹੁਤ ਸਖਤ ਹੈ। ਉਹ ਇੱਕ ਸਖ਼ਤ ਸ਼ਾਕਾਹਾਰੀ ਹੈ ਅਤੇ ਸ਼ਰਾਬ ਜਾਂ ਤੰਬਾਕੂ ਨੂੰ ਵੀ ਨਹੀਂ ਛੂੰਹਦਾ। ਦੂਜਿਆਂ ਨਾਲ ਉਸਦਾ ਵਿਵਹਾਰ ਵੀ ਨਿਰਪੱਖ ਹੈ। ਕਈ ਵਾਰ ਮੈਨੂੰ ਹੈਰਾਨੀ ਹੁੰਦੀ ਹੈ ਕਿ ਕੀ ਉਹ ਬਹੁਤ ਜ਼ਿਆਦਾ ਨਿਰਪੱਖ ਹੈ। ਪਰ ਜੇਕਰ ਇਹ ਮੇਰੀ ਨਜ਼ਰ ਵਿੱਚ ਉਸਦੀ ਕਮੀ ਹੈ, ਤਾਂ ਇਸਦੀ ਭਰਪਾਈ ਤਿੱਬਤੀ ਲੋਕਾਂ ਨਾਲ ਉਸਦੀ ਦੋਸਤੀ ਦੁਆਰਾ ਵੀ ਕੀਤੀ ਜਾਂਦੀ ਹੈ। ਉਸਨੇ ਇੱਕ ਵਾਰ ਮੈਨੂੰ ਲਿਖਿਆ ਸੀ ਕਿ ਭਾਰਤੀ ਸੱਭਿਆਚਾਰ ਅਤੇ ਤਿੱਬਤੀ ਸੱਭਿਆਚਾਰ ਇੱਕੋ ਬੋਧੀ ਰੁੱਖ ਦੀਆਂ ਦੋ ਟਾਹਣੀਆਂ ਹਨ। ਇਹ ਬਿਲਕੁਲ ਸੱਚ ਹੈ। ਮੈਂ ਪਹਿਲਾਂ ਹੀ ਸਮਝਾਇਆ ਹੈ ਕਿ ਸਾਡੇ ਦੇਸ਼ਾਂ ਦੇ ਸਬੰਧ ਬਹੁਤ ਡੂੰਘੇ ਹਨ। ਬਹੁਤ ਸਾਰੇ ਭਾਰਤੀ, ਤਿੱਬਤ ਨੂੰ ਧਰਤੀ 'ਤੇ ਸਵਰਗ ਮੰਨਦੇ ਹਨ। ਤਿੱਬਤ ਦੇ ਦੱਖਣ ਵਿੱਚ ਕੈਲਾਸ਼ ਪਰਬਤ ਅਤੇ ਦੱਖਣ-ਪੱਛਮ ਵਿੱਚ ਮਾਨਸਰੋਵਰ ਸ਼ਰਧਾਲੂ ਭਾਰਤੀਆਂ ਲਈ ਤੀਰਥ ਸਥਾਨ ਹਨ। ਇਸੇ ਤਰ੍ਹਾਂ, ਅਸੀਂ ਤਿੱਬਤੀ, ਭਾਰਤ ਨੂੰ ਆਰਿਆਭੂਮੀ, ਰਿਸ਼ੀਆਂ ਦੀ ਪਵਿੱਤਰ ਧਰਤੀ ਮੰਨਦੇ ਹਾਂ।

1978 ਦੇ ਅਖੀਰ ਵਿੱਚ, ਚੀਨ ਵਿੱਚ ਹੋਰ ਉਤਸ਼ਾਹਜਨਕ ਤਬਦੀਲੀਆਂ ਆਈਆਂ ਜਦੋਂ ਡੇਂਗ ਸ਼ਿਆਓਪਿੰਗ ਬੀਜਿੰਗ ਵਿੱਚ ਇੱਕ ਸ਼ਕਤੀਸ਼ਾਲੀ ਅਧਿਕਾਰੀ ਵਜੋਂ ਉਭਰੇ। ਵਧੇਰੇ ਉਦਾਰ ਧੜੇ ਦੇ ਨੇਤਾ ਵਜੋਂ ਉਸਦੀ ਦ੍ਰਿੜਤਾ ਤਿੱਬਤ ਨੂੰ ਅਸਲ ਉਮੀਦ ਦਿੰਦੀ ਜਾਪਦੀ ਸੀ। ਮੈਂ ਹਮੇਸ਼ਾ ਮਹਿਸੂਸ ਕੀਤਾ ਸੀ ਕਿ ਡੇਂਗ ਇੱਕ ਦਿਨ ਆਪਣੇ ਦੇਸ਼ ਲਈ ਮਹਾਨ ਕੰਮ ਕਰ ਸਕਦਾ ਹੈ। ਜਦੋਂ ਮੈਂ 1954-55 ਦੌਰਾਨ ਚੀਨ ਵਿੱਚ ਸੀ ਤਾਂ ਮੈਂ ਉਸਨੂੰ ਕਈ ਵਾਰ ਮਿਲਿਆ ਅਤੇ ਪ੍ਰਭਾਵਿਤ ਹੋਇਆ। ਸਾਡੀਆਂ ਕਦੇ ਵੀ ਲੰਬੀਆਂ ਗੱਲਾਂ ਨਹੀਂ ਹੋਈਆਂ ਪਰ ਮੈਂ ਉਨ੍ਹਾਂ ਬਾਰੇ ਬਹੁਤ ਕੁਝ ਸੁਣਿਆ ਸੀ ਕਿ ਉਹ ਇੱਕ ਮਹਾਨ ਯੋਗਤਾ ਅਤੇ ਦ੍ਰਿੜ ਇਰਾਦੇ ਵਾਲੇ ਆਦਮੀ ਸਨ।

ਮੈਨੂੰ ਯਾਦ ਹੈ ਜਦੋਂ ਮੈਂ ਉਨ੍ਹਾਂ ਨੂੰ ਆਖਰੀ ਵਾਰ ਮਿਲਿਆ ਸੀ, ਜਦੋਂ ਮੈਂ ਉਨ੍ਹਾਂ ਨੂੰ ਇੱਕ ਵੱਡੀ ਆਰਾਮਦਾਇਕ ਕੁਰਸੀ 'ਤੇ ਬੈਠਾ ਦੇਖਿਆ ਸੀ ਅਤੇ ਆਰਾਮ ਨਾਲ ਪਰ ਚੰਗੇ ਢੰਗ ਨਾਲ ਸੰਤਰੇ ਛਿੱਲ ਰਿਹਾ ਸੀ। ਉਹ ਜ਼ਿਆਦਾ ਨਹੀਂ ਬੋਲਦਾ ਸੀ ਪਰ ਇਹ ਸਪੱਸ਼ਟ ਸੀ ਕਿ ਉਹ ਜੋ ਕੁਝ ਵੀ ਕਿਸੇ ਦਵਾਰਾ ਕਿਹਾ ਜਾ ਰਿਹਾ ਸੀ ਉਹ ਧਿਆਨ ਨਾਲ ਸੁਣ ਰਿਹਾ ਸੀ। ਉਹ ਮੈਨੂੰ ਇੱਕ ਸ਼ਕਤੀਸ਼ਾਲੀ ਆਦਮੀ ਜਾਪਦਾ ਸੀ। ਹੁਣ ਇੰਝ ਲੱਗ ਰਿਹਾ ਸੀ

ਦੇਸ਼ ਦੀ ਖ਼ਬਰ 199

ਜਿਵੇਂ ਇਨ੍ਹਾਂ ਸਾਰੇ ਗੁਣਾਂ ਤੋਂ ਇਲਾਵਾ ਉਹ ਇੱਕ ਮਹਾਨ ਬੁੱਧੀਮਾਨ ਆਦਮੀ ਵੀ ਸੀ। ਉਹ ਕੁਝ ਹਵਾਲੇ ਵੀ ਦਿੰਦੇ ਰਹੇ ਜਿਵੇਂ '**ਤੱਥਾਂ ਵਿਚੋਂ ਸੱਚ ਨੂੰ ਜਾਣਨਾ ਮਹੱਤਵਪੂਰਨ ਹੈ**', '**ਜਿੰਨਾ ਚਿਰ ਬਿੱਲੀ ਚੂਹੇ ਫੜਦੀ ਹੈ, ਪਰਵਾਹ ਕਿਉਂ ਕਰਨੀ ਕਿ ਇਹ ਕਾਲੀ ਹੈ ਜਾਂ ਚਿੱਟੀ',** 'ਜਦੋਂ ਤੁਹਾਡਾ ਚਿਹਰਾ ਪਹਿਲਾਂ ਹੀ ਬਦਸੂਰਤ ਹੈ ਤਾਂ ਸੁੰਦਰ ਹੋਣ ਦਾ ਦਿਖਾਵਾ ਕਰਨ ਦਾ ਕੀ ਫਾਇਦਾ'। ਇਸ ਤੋਂ ਇਲਾਵਾ, ਨੀਤੀਆਂ ਦੇ ਮਾਮਲੇ ਵਿੱਚ, ਉਹ ਰਾਜਨੀਤਿਕ ਵਿਚਾਰਧਾਰਾ ਅਤੇ ਖਾਲੀ ਨਾਅਰਿਆਂ ਦੀ ਬਜਾਏ ਆਰਥਿਕਤਾ ਅਤੇ ਸਿੱਖਿਆ ਆਦਿ ਬਾਰੇ ਵਧੇਰੇ ਚਿੰਤਤ ਜਾਪਦਾ ਸੀ।

ਫਿਰ ਨਵੰਬਰ 1978 ਵਿੱਚ, 34 ਕੈਦੀਆਂ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਮੇਰੇ ਆਪਣੇ ਪ੍ਰਸ਼ਾਸਨ ਦੇ ਸੀਨੀਅਰ ਮੈਂਬਰ ਸਨ, ਨੂੰ ਲਹਾਸਾ ਵਿੱਚ ਇੱਕ ਵੱਡੇ ਸਮਾਰੋਹ ਵਿੱਚ ਜਨਤਕ ਤੌਰ 'ਤੇ ਰਿਹਾਅ ਕੀਤਾ ਗਿਆ। ਇਨ੍ਹਾਂ ਨੂੰ 'ਬਾਗੀ ਆਗੂਆਂ' ਵਿੱਚੋਂ ਆਖਰੀ ਜਥਾ ਮੰਨਿਆ ਜਾਂਦਾ ਸੀ। ਚੀਨੀ ਅਖ਼ਬਾਰ ਕਹਿ ਰਹੇ ਸਨ 34 ਕੈਦੀਆਂ ਨੂੰ ਰਿਹਾਅ ਕੀਤਾ ਗਿਆ ਸੀ ਅਤੇ 'ਨਵੇਂ ਤਿੱਬਤ' ਵਿੱਚ, ਇੱਕ ਮਹੀਨੇ ਦੀ ਯਾਤਰਾ ਤੋਂ ਬਾਅਦ, ਉਨ੍ਹਾਂ ਨੂੰ ਨੌਕਰੀਆਂ ਲੱਭਣ ਵਿੱਚ ਅਤੇ, ਜੇ ਉਹ ਚਾਹੁਣ, ਤਾਂ ਪਰਵਾਸ ਵਿੱਚ ਸਹਾਇਤਾ ਕੀਤੀ ਜਾਵੇਗੀ।

ਨਵੇਂ ਸਾਲ ਦੇ ਆਉਣ ਨਾਲ ਇਸ ਮਹੱਤਵਪੂਰਨ ਤਬਦੀਲੀਆਂ ਦੀ ਲਹਿਰ ਨੂੰ ਘੱਟ ਨਹੀਂ ਕੀਤਾ ਗਿਆ। 1 ਜਨਵਰੀ, 1979 ਨੂੰ, ਜਿਸ ਦਿਨ ਸੰਯੁਕਤ ਰਾਜ ਅਮਰੀਕਾ ਨੇ ਚੀਨ ਦੇ ਲੋਕ ਗਣਰਾਜ ਨੂੰ ਰਸਮੀ ਤੌਰ 'ਤੇ ਮਾਨਤਾ ਦਿੱਤੀ, ਪੰਚੇਨ ਲਾਮਾ ਸੰਜੋਗ ਨਾਲ ਚੌਦਾਂ ਸਾਲਾਂ ਵਿੱਚ ਆਪਣੇ ਪਹਿਲੇ ਜਨਤਕ ਭਾਸ਼ਣ ਵਿੱਚ ਦਲਾਈ ਲਾਮਾ ਅਤੇ ਉਨ੍ਹਾਂ ਦੇ ਜਲਾਵਤਨ ਪੈਰੋਕਾਰਾਂ ਨੂੰ ਵਾਪਸ ਆਉਣ ਦੇ ਸੱਦੇ ਵਿੱਚ ਸ਼ਾਮਲ ਹੋ ਗਏ। ਪੰਚੇਨ ਲਾਮਾ ਨੇ ਕਿਹਾ, "ਜੇ ਦਲਾਈ ਲਾਮਾ ਸੱਚਮੁੱਚ ਤਿੱਬਤੀ ਲੋਕਾਂ ਦੀ ਖੁਸ਼ੀ ਅਤੇ ਤੰਦਰੁਸਤੀ ਵਿੱਚ ਦਿਲਚਸਪੀ ਰੱਖਦੇ ਹਨ, ਤਾਂ ਉਨ੍ਹਾਂ ਨੂੰ ਇਸ ਬਾਰੇ ਕੋਈ ਸ਼ੱਕ ਨਹੀਂ ਹੋਣਾ ਚਾਹੀਦਾ। ਮੈਂ ਗਰੰਟੀ ਦਿੰਦਾ ਹਾਂ ਕਿ ਤਿੱਬਤ ਵਿੱਚ ਤਿੱਬਤੀਆਂ ਦਾ ਮੌਜੂਦਾ ਜੀਵਨ ਪੱਧਰ 'ਪੁਰਾਣੇ ਸਮਾਜ' ਨਾਲੋਂ ਕਿਤੇ ਬਿਹਤਰ ਹੈ।" ਇੱਕ ਹਫ਼ਤੇ ਬਾਅਦ, ਸੱਦਾ ਦੁਹਰਾਇਆ

ਗਿਆ ਜਦੋਂ ਲਹਾਸਾ ਰੇਡੀਓ ਨੇ ਵਿਦੇਸ਼ਾਂ ਤੋਂ ਤਿੱਬਤੀਆਂ ਦਾ ਸਵਾਗਤ ਕਰਨ ਲਈ ਇੱਕ ਵਿਸ਼ੇਸ਼ ਸਵਾਗਤ ਕਮੇਟੀ ਦੇ ਗਠਨ ਦਾ ਐਲਾਨ ਕੀਤਾ।

ਇੱਕ ਹਫ਼ਤੇ ਬਾਅਦ, ਗਿਆਲੋ ਥੋਂਡੁਪ ਅਚਾਨਕ ਕਾਨਪੁਰ ਪਹੁੰਚਿਆ, ਜਿੱਥੇ ਮੈਂ ਇੱਕ ਧਾਰਮਿਕ ਸੰਮੇਲਨ ਵਿੱਚ ਸ਼ਾਮਲ ਹੋ ਰਿਹਾ ਸੀ। ਮੈਨੂੰ ਬਹੁਤ ਹੈਰਾਨੀ ਹੋਈ ਜਦੋਂ ਉਸਨੇ ਐਲਾਨ ਕੀਤਾ ਕਿ ਉਸਨੇ ਹਾਂਗ ਕਾਂਗ (ਜਿੱਥੇ ਉਹ ਹੁਣ ਰਹਿੰਦਾ ਹੈ) ਵਿੱਚ ਆਪਣੇ ਕੁਝ ਭਰੋਸੇਮੰਦ ਅਤੇ ਪੁਰਾਣੇ ਦੋਸਤਾਂ ਤੋਂ ਸੁਣਿਆ ਹੈ ਕਿ ਨਿਊ ਚਾਈਨਾ ਨਿਊਜ਼ ਏਜੰਸੀ 'ਸਿਨਹੁਆ' ਉਸ ਨਾਲ ਸੰਪਰਕ ਕਰਨਾ ਚਾਹੁੰਦੀ ਹੈ। ਫਿਰ ਉਹ ਡੇਂਗ ਸ਼ਿਆਓਪਿੰਗ ਦੇ ਇੱਕ ਕੂਟਨੀਤਕ ਪ੍ਰਤੀਨਿਧੀ ਨੂੰ ਮਿਲਿਆ ਜਿਸਨੇ ਮੈਨੂੰ ਦੱਸਿਆ ਕਿ ਚੀਨੀ ਨੇਤਾ ਦਲਾਈ ਲਾਮਾ ਨਾਲ ਸੰਪਰਕ ਸਥਾਪਤ ਕਰਨਾ ਚਾਹੁੰਦੇ ਹਨ । ਸਦਭਾਵਨਾ ਦੀ ਸ਼ੁਰੂਆਤ ਕਰਨ ਲਈ, ਡੇਂਗ ਗਿਆਲੋ ਗੱਲਬਾਤ ਲਈ ਬੀਜਿੰਗ ਬੁਲਾਇਆ ਜਾਣਾ ਚਾਹੁੰਦਾ ਸੀ। ਗਿਆਲੋ ਨੇ ਇਨਕਾਰ ਕਰ ਦਿੱਤਾ ਕਿਉਂਕਿ ਉਹ ਪਹਿਲਾਂ ਮੇਰੀ ਰਾਏ ਲੈਣਾ ਚਾਹੁੰਦਾ ਸੀ।

ਇਹ ਸਭ ਬਹੁਤ ਅਚਾਨਕ ਸੀ ਅਤੇ ਮੈਂ ਤੁਰੰਤ ਜਵਾਬ ਨਹੀਂ ਦਿੱਤਾ। ਪਿਛਲੇ ਦੋ ਸਾਲਾਂ ਦੀਆਂ ਸਾਰੀਆਂ ਘਟਨਾਵਾਂ ਭਰੋਸਾ ਦੇਣ ਵਾਲੀਆਂ ਲੱਗੀਆਂ। ਪਰ ਜਿਵੇਂ ਕਿ ਇੱਕ ਭਾਰਤੀ ਕਹਾਵਤ ਹੈ " **ਦੁੱਧ ਨਾਲ ਜਲਿਆ , ਫੂਕਾਂ ਮਾਰ ਲੱਸੀ ਪੀਂਦਾ ਹੈ"** ਅਤੇ ਬਦਕਿਸਮਤੀ ਨਾਲ ਚੀਨੀ ਲੀਡਰਸ਼ਿਪ ਨਾਲ ਮੇਰੇ ਸਾਰੇ ਅਨੁਭਵ ਸੁਝਾਅ ਦਿੰਦੇ ਹਨ ਕਿ ਉਨ੍ਹਾਂ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਨੇਤਾਵਾਂ ਨੇ ਨਾ ਸਿਰਫ਼ ਝੂਠ ਬੋਲਿਆ, ਸਗੋਂ ਇਸ ਤੋਂ ਵੀ ਮਾੜੀ ਗੱਲ ਇਹ ਹੈ ਕਿ ਜਦੋਂ ਉਨ੍ਹਾਂ ਦੇ ਝੂਠ ਦਾ ਪਰਦਾਫਾਸ਼ ਹੋਇਆ ਤਾਂ ਉਹ ਝਿਜਕਦੇ ਵੀ ਨਹੀਂ ਸਨ। ਜਦੋਂ ਸੱਭਿਆਚਾਰਕ ਕ੍ਰਾਂਤੀ ਚੱਲ ਰਹੀ ਸੀ ਤਾਂ ਇਸਨੂੰ 'ਮਹਾਨ ਸਫਲਤਾ' ਕਿਹਾ ਜਾ ਰਿਹਾ ਸੀ ਅਤੇ ਹੁਣ ਇਸਨੂੰ 'ਅਸਫਲਤਾ' ਕਿਹਾ ਜਾ ਰਿਹਾ ਹੈ।

200 ਅਜ਼ਾਦ ਸ਼ਰਨਾਰਥੀ

ਪਰ ਉਹਨਾਂ ਵਿੱਚ ਸ਼ਰਮਿੰਦਗੀ ਦਾ ਥੋੜ੍ਹਾ ਜਿਹਾ ਵੀ ਸੰਕੇਤ ਨਹੀਂ ਸੀ। ਨਾ ਹੀ ਕੋਈ ਇਸ ਤਰਾਂ ਦੀ ਗੱਲ ਜਿਸਤੋਂ ਲੱਗੇ ਕਿ ਇਨ੍ਹਾਂ ਲੋਕਾਂ ਨੇ ਕਦੇ ਆਪਣੀ ਗੱਲ ਪੁਗਾਈ ਹੋਵੇ । 17-ਨੁਕਾਤੀ 'ਸਮਝੌਤੇ' ਦੀ ਧਾਰਾ 13 ਦੇ ਬਾਵਜੂਦ ਕਿ "ਚੀਨੀ ਆਪਣੀ ਮਰਜ਼ੀ ਨਾਲ ਤਿੱਬਤ ਤੋਂ ਇੱਕ ਸੂਈ ਜਾਂ ਧਾਗਾ ਵੀ ਨਹੀਂ ਲੈਣਗੇ", ਉਨ੍ਹਾਂ ਨੇ ਪੂਰੇ ਦੇਸ਼ ਨੂੰ ਲੁੱਟ ਲਿਆ ਸੀ। ਇਸ ਤੋਂ ਵੀ ਮਾੜੀ ਗੱਲ ਇਹ ਹੈ ਕਿ ਉਨ੍ਹਾਂ ਨੇ ਆਪਣੇ ਅਣਗਿਣਤ ਅੱਤਿਆਚਾਰਾਂ ਵਿੱਚ ਮਨੁੱਖੀ ਅਧਿਕਾਰਾਂ ਦੀ ਪੂਰੀ ਤਰ੍ਹਾਂ ਅਣਦੇਖੀ ਕੀਤੀ ਸੀ। ਆਪਣੀ ਵੱਡੀ ਆਬਾਦੀ ਦੇ ਕਾਰਨ, ਮਨੁੱਖੀ ਜੀਵਨ ਚੀਨੀਆਂ ਦੀਆਂ ਨਜ਼ਰਾਂ ਵਿੱਚ ਇੱਕ ਸਸਤੀ ਚੀਜ਼ ਸੀ, ਅਤੇ ਤਿੱਬਤੀ ਜੀਵਨ ਤਾਂ ਹੋਰ ਵੀ ਘੱਟ ਕੀਮਤੀ ਸਨ। ਇਸ ਲਈ ਮੈਨੂੰ ਬਹੁਤ ਸਾਵਧਾਨ ਰਹਿਣਾ ਜ਼ਰੂਰੀ ਲੱਗਿਆ।

ਦੂਜੇ ਪਾਸੇ, ਮੈਂ ਬੁਨਿਆਦੀ ਤੌਰ 'ਤੇ ਵਿਸ਼ਵਾਸ ਕਰਦਾ ਹਾਂ ਕਿ ਮਨੁੱਖੀ ਸਮੱਸਿਆਵਾਂ ਨੂੰ ਸਿਰਫ ਮਨੁੱਖੀ ਸੰਪਰਕ ਦੁਆਰਾ ਹੀ ਹੱਲ ਕੀਤਾ ਜਾ ਸਕਦਾ ਹੈ। ਇਸ ਲਈ ਚੀਨੀਆਂ ਦੀ ਗੱਲ ਸੁਣਨ ਵਿੱਚ ਕੋਈ ਨੁਕਸਾਨ ਨਹੀਂ ਸੀ। ਉਨ੍ਹਾਂ ਦੇ ਨਾਲ, ਅਸੀਂ ਉਮੀਦ ਕਰਦੇ ਹਾਂ ਕਿ ਆਪਣਾ ਵਿਚਾਰ ਸਾਂਝਾ ਕਰ ਸਕਦੇ ਹਾਂ। ਸਾਡੇ ਕੋਲ ਯਕੀਨੀ ਤੌਰ 'ਤੇ ਲੁਕਾਉਣ ਲਈ ਕੁਝ ਨਹੀਂ ਸੀ। ਅਤੇ ਭਾਵੇਂ ਬੀਜਿੰਗ ਦੇ ਅਧਿਕਾਰੀ ਸੱਚੇ ਸਨ, ਅਸੀਂ ਖੁਦ ਸਥਿਤੀ ਦਾ ਪਤਾ ਲਗਾਉਣ ਲਈ ਇੱਕ ਤੱਥ-ਖੋਜ ਮਿਸ਼ਨ ਭੇਜ ਸਕਦੇ ਹਾਂ।

ਇਹ ਸਭ ਸੋਚਦੇ ਹੋਏ ਅਤੇ ਇਹ ਜਾਣਦੇ ਹੋਏ ਕਿ ਸਾਡਾ ਮਾਮਲਾ 100% ਸਹੀ ਹੈ ਅਤੇ ਸਾਰੇ ਤਿੱਬਤੀ ਲੋਕਾਂ ਦੀ ਇੱਛਾ ਦੇ ਅਨੁਸਾਰ ਹੈ, ਮੈਂ ਆਪਣੇ ਭਰਾ ਨੂੰ ਕਿਹਾ ਕਿ ਉਸਨੂੰ ਜਾਣ ਦੀ ਮੇਰੀ ਵਲੋਂ ਇਜਾਜ਼ਤ ਹੈ। ਇੱਕ ਵਾਰ ਜਦੋਂ ਉਹ ਚੀਨੀ ਨੇਤਾਵਾਂ ਨੂੰ ਮਿਲ ਕੇ ਆਉਂਦਾ ਹੈ, ਤਾਂ ਅਸੀਂ ਅਗਲੇ ਕਦਮ 'ਤੇ ਫੈਸਲਾ ਕਰਾਂਗੇ। ਮੈਂ ਭਾਰਤ ਵਿੱਚ ਚੀਨੀ ਦੂਤਾਵਾਸ ਰਾਹੀਂ ਬੀਜਿੰਗ ਨੂੰ ਇਹ ਵੀ ਪ੍ਰਸਤਾਵ ਦਿੱਤਾ ਕਿ ਧਰਮਸ਼ਾਲਾ ਤੋਂ ਇੱਕ ਤੱਥ-ਖੋਜ ਮਿਸ਼ਨ ਨੂੰ ਤਿੱਬਤ ਜਾਣ ਦੀ ਇਜਾਜ਼ਤ ਦਿੱਤੀ ਜਾਵੇ ਤਾਂ ਜੋ ਉੱਥੇ ਅਸਲ ਸਥਿਤੀ ਦਾ ਪਤਾ ਲਗਾਇਆ ਜਾ ਸਕੇ ਅਤੇ ਵਾਪਸੀ 'ਤੇ ਮੈਨੂੰ ਰਿਪੋਰਟ ਕੀਤੀ ਜਾ ਸਕੇ। ਮੈਂ ਆਪਣੇ ਭਰਾ ਨੂੰ ਇਹ ਵੀ ਸੁਝਾਅ ਦਿੱਤਾ ਕਿ ਉਹ ਇਹ ਧਿਆਨ ਰੱਖੇ ਕਿ ਕੀ ਇਹ ਸੰਭਵ ਹੈ।

ਇਸ ਤੋਂ ਥੋੜ੍ਹੀ ਦੇਰ ਬਾਅਦ, ਮੈਨੂੰ ਇੱਕ ਬਿਲਕੁਲ ਨਵੇਂ ਸਰੋਤ ਤੋਂ ਬਹੁਤ ਨਵੀਆਂ ਅਤੇ ਦਿਲਚਸਪ ਖ਼ਬਰਾਂ ਮਿਲੀਆਂ। ਮੈਨੂੰ ਮੰਗੋਲੀਆ ਗਣਰਾਜ ਅਤੇ ਰੂਸ ਦੇ ਬੋਧੀ ਭਾਈਚਾਰਿਆਂ ਦਾ ਦੌਰਾ ਕਰਨ ਲਈ ਸੱਦਾ ਦਿੱਤਾ ਗਿਆ ਸੀ। ਮੈਨੂੰ ਪਤਾ ਸੀ ਕਿ ਉੱਥੇ ਮੇਰੀ ਫੇਰੀ ਬੀਜਿੰਗ ਵਿੱਚ ਮੇਰੇ ਦੋਸਤਾਂ ਨੂੰ ਪਸੰਦ ਨਹੀਂ ਆਵੇਗੀ। ਪਰ ਦੂਜੇ ਪਾਸੇ ਮੈਨੂੰ ਮਹਿਸੂਸ ਹੋਇਆ ਕਿ ਇੱਕ ਬੋਧੀ ਭਿਕਸ਼ੂ ਹੋਣ ਦੇ ਨਾਤੇ ਅਤੇ ਸਭ ਤੋਂ ਵੱਧ ਦਲਾਈ ਲਾਮਾ ਹੋਣ ਦੇ ਨਾਤੇ, ਮੇਰੇ ਕੋਲ ਆਪਣੇ ਸਹਿ-ਧਰਮੀਆਂ ਦੀ ਸੇਵਾ ਕਰਨ ਦੀ ਜ਼ਿੰਮੇਵਾਰੀ ਸੀ। ਇਸ ਤੋਂ ਇਲਾਵਾ, ਮੈਂ ਉਨ੍ਹਾਂ ਲੋਕਾਂ ਨੂੰ ਕਿਵੇਂ ਇਨਕਾਰ ਕਰ ਸਕਦਾ ਸੀ ਜਿਨ੍ਹਾਂ ਨੇ ਮੈਨੂੰ ਇਹ ਖਿਤਾਬ ਦਿੱਤਾ ਸੀ। ਅਤੇ ਇਸ ਤੋਂ ਵੀ ਮਹੱਤਵਪੂਰਨ ਗੱਲ ਇਹ ਹੈ ਕਿ ਜਦੋਂ ਮੈਂ ਇੱਕ ਉੱਚ ਦਰਜੇ ਦਾ ਚੀਨੀ ਕਰਮਚਾਰੀ ਸੀ ਤਾਂ ਰੂਸ ਜਾਣ ਦੀ ਮੇਰੀ ਇੱਛਾ ਪੂਰੀ ਨਹੀਂ ਹੋਈ ਸੀ ਅਤੇ ਮੇਰੀਆਂ ਗਤੀਵਿਧੀਆਂ ਸੀਮਤ ਸਨ, ਮੈਂ ਇੱਕ ਤਿੱਬਤੀ ਸ਼ਰਨਾਰਥੀ ਵਜੋਂ ਉੱਥੇ ਜਾਣ ਦਾ ਮੌਕਾ ਗੁਆਉਣਾ ਨਹੀਂ ਚਾਹੁੰਦਾ ਸੀ। ਇਸ ਲਈ ਮੈਂ ਖੁਸ਼ੀ ਨਾਲ ਸਹਿਮਤ ਹੋ ਗਿਆ।

ਹੁਣ ਕੋਈ ਵਿਰੋਧ ਨਹੀਂ ਸੀ ਅਤੇ ਜਦੋਂ ਗਿਆਲੋ ਥੋਂਡੁਪ ਮਾਰਚ ਦੇ ਅੰਤ ਵਿੱਚ ਧਰਮਸ਼ਾਲਾ ਵਾਪਸ ਆਇਆ, ਤਾਂ ਉਸਨੇ ਮੈਨੂੰ ਦੱਸਿਆ ਕਿ ਚੀਨੀਆਂ ਨੇ ਤਿੱਬਤ ਵਿੱਚ ਤੱਥ-ਖੋਜ ਮਿਸ਼ਨ ਭੇਜਣ ਦੇ ਮੇਰੇ ਪ੍ਰਸਤਾਵ ਨੂੰ ਸਵੀਕਾਰ ਕਰ

ਲਿਆ ਹੈ। ਇਸ ਨਾਲ ਮੈਨੂੰ ਬਹੁਤ ਹੌਸਲਾ ਮਿਲਿਆ। ਅਜਿਹਾ ਲੱਗ ਰਿਹਾ ਸੀ ਕਿ ਚੀਨ ਆਖਰਕਾਰ ਤਿੱਬਤੀ ਮਸਲੇ ਦਾ ਸ਼ਾਂਤੀਪੂਰਨ ਹੱਲ ਲੱਭਣ ਦੀ ਕੋਸ਼ਿਸ਼ ਕਰ ਰਿਹਾ ਸੀ।

ਮਿਸ਼ਨ ਦੀ ਰਵਾਨਗੀ ਲਈ ਅਗਸਤ ਦੀ ਇੱਕ ਤਾਰੀਖ਼ ਨਿਰਧਾਰਤ ਕੀਤੀ ਗਈ ਸੀ।

ਇਸ ਦੌਰਾਨ, ਜੂਨ ਦੇ ਸ਼ੁਰੂ ਵਿੱਚ ਮੈਂ ਮੰਗੋਲੀਆ ਰਾਹੀਂ ਮਾਸਕੋ ਲਈ ਰਵਾਨਾ ਹੋ ਗਿਆ। ਪਹੁੰਚਣ 'ਤੇ ਮੈਨੂੰ ਮਹਿਸੂਸ ਹੋਇਆ ਜਿਵੇਂ ਮੈਂ ਇੱਕ ਜਾਣੀ-ਪਛਾਣੀ ਦੁਨੀਆ ਵਿੱਚ ਪਹੁੰਚ ਗਿਆ ਹਾਂ। ਮੈਂ ਤੁਰੰਤ ਉਸੇ ਦਮਨਕਾਰੀ ਮਾਹੌਲ ਨੂੰ ਪਛਾਣ ਲਿਆ ਜਿਸਨੂੰ ਮੈਂ ਚੀਨ ਵਿੱਚ ਬਹੁਤ ਚੰਗੀ ਤਰ੍ਹਾਂ ਜਾਣਦਾ ਸੀ। ਪਰ ਇਸਨੇ ਮੈਨੂੰ ਨਿਰਾਸ਼ ਨਹੀਂ ਕੀਤਾ, ਕਿਉਂਕਿ ਮੈਂ ਦੇਖਿਆ ਕਿ ਜਿਨ੍ਹਾਂ ਲੋਕਾਂ ਨੂੰ ਮੈਂ ਮਿਲਿਆ ਸੀ ਉਹ ਸ਼ਾਨਦਾਰ ਅਤੇ ਦਿਆਲੂ ਅਤੇ ਹੈਰਾਨੀਜਨਕ ਤੌਰ 'ਤੇ ਨਿਮਰ ਸਨ। ਮੈਨੂੰ ਇਹ ਨਿਮਰਤਾ ਉਦੋਂ ਪਤਾ ਲੱਗੀ ਜਦੋਂ ਇੱਕ ਰੂਸੀ ਰੋਜ਼ਾਨਾ ਦਾ ਇੱਕ ਰਿਪੋਰਟਰ ਮੇਰਾ ਇੰਟਰਵਿਊ ਲੈਣ ਆਇਆ। ਉਸਦੇ ਸਵਾਲ ਮੇਰੇ ਤੋਂ ਚਾਪਲੂਸੀ ਭਰੇ ਸ਼ਬਦ ਕੱਢਣ ਲਈ ਤਿਆਰ ਕੀਤੇ ਗਏ ਸਨ। ਜੇ ਮੈਂ ਕੁਝ ਅਜਿਹਾ ਕਿਹਾ ਜੋ ਸਰਕਾਰ ਦੇ ਹੱਕ ਵਿੱਚ ਨਹੀਂ ਸੀ ਜਾਂ ਮੇਰੇ ਜਵਾਬ ਉਹ ਨਹੀਂ ਸਨ ਜੋ ਉਹ ਚਾਹੁੰਦਾ ਸੀ, ਤਾਂ ਉਹ ਮੇਰੇ ਵੱਲ ਗੁੱਸੇ ਨਾਲ ਵੇਖਦਾ ਸੀ। ਇੱਕ ਹੋਰ ਮੌਕੇ 'ਤੇ, ਇੱਕ ਰਿਪੋਰਟਰ, ਜਿਸਨੇ ਆਪਣੀ ਸੂਚੀ ਵਿੱਚ ਸਾਰੇ ਸਵਾਲ ਬਹੁਤ ਹੀ ਨਿਮਰਤਾ ਨਾਲ ਪੁੱਛ ਲਏ ਸਨ, ਨੇ ਪੁੱਛਿਆ, "ਤੁਹਾਨੂੰ ਕੀ ਲੱਗਦਾ ਹੈ ਕਿ ਮੈਨੂੰ ਹੁਣ ਤੁਹਾਨੂੰ ਕੀ ਪੁੱਛਣਾ ਚਾਹੀਦਾ ਹੈ?"

ਮੈਂ ਮਾਸਕੋ ਵਿੱਚ ਜਿੱਥੇ ਵੀ ਗਿਆ, ਮੈਂ ਸਤਹੀ ਸਮਾਨਤਾਵਾਂ ਦੇ ਹੇਠਾਂ ਉਹੀ ਸੁੰਦਰਤਾ ਦੇਖੀ। ਇਸਨੇ ਮੇਰੇ ਵਿਸ਼ਵਾਸ ਦੀ ਹੋਰ ਪੁਸ਼ਟੀ ਕੀਤੀ ਕਿ ਦੁਨੀਆ ਵਿੱਚ ਕੋਈ ਵੀ ਜਾਣਬੁੱਝ ਕੇ ਦੁੱਖ ਨਹੀਂ ਚਾਹੁੰਦਾ। ਇਸਨੇ ਮੈਨੂੰ ਨਿੱਜੀ ਪੱਧਰ 'ਤੇ ਲੋਕਾਂ ਤੱਕ ਪਹੁੰਚਣ ਦੀ ਮਹੱਤਤਾ ਦੀ ਵੀ ਯਾਦ ਦਿਵਾਈ। ਮੈਂ ਆਪਣੇ ਆਪ ਦੇਖ ਸਕਦਾ ਸੀ ਕਿ ਰੂਸੀ ਚੀਨੀ, ਬ੍ਰਿਟਿਸ਼ ਜਾਂ ਅਮਰੀਕੀਆਂ ਨਾਲੋਂ ਜ਼ਿਆਦਾ ਰਾਖਸ਼ ਨਹੀਂ ਸਨ। ਮੈਨੂੰ ਖਾਸ ਤੌਰ 'ਤੇ ਦਿਲ ਨੂੰ ਛੂਹਣ ਵਾਲਾ ਨਿੱਘ ਮਿਲਿਆ, ਜਿਸ ਤਰਾਂ ਮੇਰਾ ਸਵਾਗਤ ਰੂਸੀ ਆਰਥੋਡਾਕਸ ਚਰਚ ਦੇ ਮੈਂਬਰਾਂ ਦੁਆਰਾ ਕੀਤਾ ਗਿਆ ਸੀ, ।

ਮਾਸਕੋ ਤੋਂ ਮੈਂ ਬੁਰਿਆਤ ਗਣਰਾਜ ਦੀ ਯਾਤਰਾ ਕੀਤੀ, ਜਿੱਥੇ ਮੈਂ ਇੱਕ ਬੋਧੀ ਮੱਠ ਵਿੱਚ ਇੱਕ ਦਿਨ ਬਿਤਾਇਆ। ਹਾਲਾਂਕਿ ਮੈਂ ਕਿਸੇ ਨਾਲ ਸਿੱਧਾ ਸੰਚਾਰ ਨਹੀਂ ਕਰ ਸਕਦਾ ਸੀ, ਮੈਂ ਪਾਇਆ ਕਿ ਮੈਂ ਉਨ੍ਹਾਂ ਦੀਆਂ ਪ੍ਰਾਰਥਨਾਵਾਂ ਨੂੰ ਸਮਝ ਸਕਦਾ ਸੀ ਕਿਉਂਕਿ ਉਹ ਤਿੱਬਤੀ ਵਿੱਚ ਕਹੀਆਂ ਜਾਂਦੀਆਂ ਸਨ। ਦੁਨੀਆ ਭਰ ਦੇ ਕੈਥੋਲਿਕ ਲਾਤੀਨੀ ਭਾਸ਼ਾ ਦੀ ਵਰਤੋਂ ਕਰਦੇ ਹਨ। ਭਿਕਸ਼ੂ ਤਿੱਬਤੀ ਵਿੱਚ ਵੀ ਲਿਖਦੇ ਸਨ। ਸਭ ਤੋਂ ਵੱਧ, ਮੈਂ ਦੇਖਿਆ ਕਿ ਅਸੀਂ

ਆਪਣੀਆਂ ਅੱਖਾਂ ਰਾਹੀਂ ਕਾਫ਼ੀ ਚੰਗੀ ਤਰ੍ਹਾਂ ਸੰਚਾਰ ਕਰ ਸਕਦੇ ਹਾਂ। ਜਿਵੇਂ ਹੀ ਮੈਂ ਮੱਠ ਵਿੱਚ ਦਾਖਲ ਹੋਇਆ, ਬਹੁਤ ਸਾਰੇ ਭਿਕਸ਼ੂ ਅਤੇ ਆਮ ਲੋਕ ਪ੍ਰਾਰਥਨਾ ਵਿੱਚ ਰੋ ਰਹੇ ਸਨ। ਇਹ ਤਿੱਖੇ ਪ੍ਰਗਟਾਵੇ ਦਾ ਇੱਕ ਰੂਪ ਵੀ ਹੈ ਜਿਸ ਬਾਰੇ ਤਿੱਬਤੀ ਬਹੁਤ ਭਾਵੁਕ ਹਨ ਅਤੇ ਮੈਨੂੰ ਤੁਰੰਤ ਭਾਈਚਾਰੇ ਦੀ ਭਾਵਨਾ ਮਹਿਸੂਸ ਹੋਈ।

ਬੁਰਿਆਤ ਦੀ ਰਾਜਧਾਨੀ ਉਲਾਨ ਉਦੇ ਦਾ ਮੱਠ, ਰੂਸ ਵਿੱਚ ਵੇਖੀਆਂ ਸਭ ਤੋਂ ਅਸਾਧਾਰਨ ਚੀਜ਼ਾਂ ਵਿੱਚੋਂ ਇੱਕ ਹੈ। ਇਹ 1945 ਵਿੱਚ ਬਣਾਇਆ ਗਿਆ ਸੀ, ਜਦੋਂ ਸਟਾਲਿਨ ਆਪਣੀ ਸ਼ਕਤੀ ਦੇ ਸਿਖਰ 'ਤੇ ਸੀ। ਮੈਨੂੰ ਨਹੀਂ ਪਤਾ ਕਿ ਇਹ ਕਿਵੇਂ ਸੰਭਵ ਹੈ, ਪਰ ਇਸਨੇ ਮੈਨੂੰ ਇਹ ਸਮਝਣ ਵਿੱਚ ਮਦਦ ਕੀਤੀ ਕਿ ਅਧਿਆਤਮਿਕਤਾ ਮਨੁੱਖੀ ਮਾਨਸਿਕਤਾ ਵਿੱਚ ਇੰਨੀ ਡੂੰਘਾਈ ਨਾਲ ਜੁੜੀ ਹੋਈ ਹੈ ਕਿ ਜੇ ਇਸਨੂੰ ਖਤਮ ਕਰਨਾ ਪੂਰੀ ਤਰਾਂ ਅਸੰਭਵ ਨਹੀਂ , ਪਰ ਬਹੁਤ ਮੁਸ਼ਕਲ ਜ਼ਰੂਰ ਹੈ । ਬੁਰਿਆਤ, ਮੇਰੇ ਆਪਣੇ ਦੇਸ਼ ਵਾਸੀਆਂ ਵਾਂਗ, ਲੰਬੇ ਸਮੇਂ ਤੋਂ ਆਪਣੇ ਧਰਮ ਲਈ ਬਹੁਤ ਦੁੱਖ ਝੱਲ ਰਹੇ ਹਨ। ਫਿਰ ਵੀ ਮੈਂ ਜਿੱਥੇ ਵੀ ਗਿਆ, ਮੈਂ ਸਪੱਸ਼ਟ ਸਬੂਤ ਦੇਖੇ ਕਿ ਥੋੜ੍ਹਾ ਜਿਹਾ ਮੌਕਾ ਮਿਲਣ 'ਤੇ ਅਧਿਆਤਮਿਕ ਜੀਵਨ ਵਧਣ ਲਗਦਾ ਹੈ।

202 ਅਜ਼ਾਦ ਸ਼ਰਨਾਰਥੀ

ਇਸਨੇ ਮੇਰੇ ਵਿਚਾਰ ਨੂੰ ਮਜ਼ਬੂਤ ਕੀਤਾ ਕਿ ਬੁੱਧ ਧਰਮ ਅਤੇ ਮਾਰਕਸਵਾਦ ਵਿਚਕਾਰ ਸਬੰਧ ਉਨਾ ਹੀ ਮਹੱਤਵਪੂਰਨ ਹੈ ਜਿੰਨਾ ਸਾਰੇ ਧਰਮਾਂ ਅਤੇ ਭੌਤਿਕਵਾਦੀ ਵਿਚਾਰਧਾਰਾ ਦੇ ਵਿਚਕਾਰ ਕਿਸੇ ਨਾ ਕਿਸੇ ਰੂਪ ਵਿੱਚ ਹੋਣਾ ਜ਼ਰੂਰੀ ਹੈ। ਜੀਵਨ ਦੇ ਦੋਵੇਂ ਵਿਚਾਰ ਸਪੱਸ਼ਟ ਤੌਰ 'ਤੇ ਇੱਕ ਦੂਜੇ ਦੇ ਪੂਰਕ ਹਨ। ਇਹ ਬਹੁਤ ਮਾੜੀ ਗੱਲ ਹੈ ਕਿ ਲੋਕ ਉਨ੍ਹਾਂ ਨੂੰ ਇੱਕ ਦੂਜੇ ਦੇ ਵਿਰੋਧੀ ਸਮਝਦੇ ਹਨ। ਜੇਕਰ ਭੌਤਿਕਵਾਦ ਅਤੇ ਤਕਨਾਲੋਜੀ ਸੱਚਮੁੱਚ ਮਨੁੱਖਤਾ ਦੀਆਂ ਸਾਰੀਆਂ ਸਮੱਸਿਆਵਾਂ ਦਾ ਜਵਾਬ ਹਨ, ਤਾਂ ਇੱਕ ਬਹੁਤ ਹੀ ਉੱਨਤ ਉਦਯੋਗਿਕ ਸਮਾਜ ਵਿੱਚ, ਸਾਰੇ ਚਿਹਰੇ ਮੁਸਕਰਾਉਂਦੇ ਹੋਣੇ ਚਾਹੀਦੇ ਹਨ। ਪਰ, ਅਜਿਹਾ ਨਹੀਂ ਹੁੰਦਾ। ਇਸੇ ਤਰ੍ਹਾਂ, ਜੇਕਰ ਲੋਕ ਸਿਰਫ਼ ਅਧਿਆਤਮਿਕ ਮਾਮਲਿਆਂ ਨਾਲ ਸਬੰਧਤ ਹਨ, ਤਾਂ ਉਨ੍ਹਾਂ ਦੇ ਧਾਰਮਿਕ ਵਿਸ਼ਵਾਸਾਂ ਅਨੁਸਾਰ, ਅਸੀਂ ਸਾਰੇ ਖੁਸ਼ੀ ਨਾਲ ਰਹਾਂਗੇ। ਪਰ ਫਿਰ ਤਰੱਕੀ ਕਿੱਥੇ ਹੋਵੇਗੀ? ਅਧਿਆਤਮਿਕ ਅਤੇ ਭੌਤਿਕ ਵਿਕਾਸ ਦੋਵਾਂ ਦੀ ਲੋੜ ਹੈ। ਅਤੇ ਮਨੁੱਖਤਾ ਨੂੰ ਇੱਕ ਜਗ੍ਹਾ 'ਤੇ ਨਹੀਂ ਰੁਕਣਾ ਚਾਹੀਦਾ, ਇਹ ਵੀ ਇੱਕ ਤਰ੍ਹਾਂ ਦੀ ਮੌਤ ਹੈ।

ਮੈਂ ਉਲਾਨ ਉਦੇ ਤੋਂ ਮੰਗੋਲੀਆ ਗਣਰਾਜ ਦੀ ਰਾਜਧਾਨੀ ਉਲਾਨ ਬਾਟੋਰ ਗਿਆ, ਜਿੱਥੇ ਭਿਕਸ਼ੂਆਂ ਦਾ ਇੱਕ ਸਮੂਹ ਮੈਨੂੰ ਮਿਲਿਆ ਅਤੇ ਮੇਰਾ ਨਿੱਘਾ ਸਵਾਗਤ ਕੀਤਾ। ਪਰ ਇਸ ਖੁਸ਼ੀ ਅਤੇ ਸਹਿਜਤਾ ਨੂੰ ਅਧਿਕਾਰੀਆਂ ਨੇ ਮਨਜ਼ੂਰ ਨਹੀਂ ਕੀਤਾ। ਪਹਿਲੇ ਦਿਨ ਲੋਕ ਮੈਨੂੰ ਛੂਹਣ ਦੀ ਪੂਰੀ ਕੋਸ਼ਿਸ਼ ਕਰ ਰਹੇ ਸਨ। ਪਰ ਅਗਲੀ ਸਵੇਰ ਮੈਂ ਦੇਖਿਆ ਕਿ ਹਰ ਕੋਈ ਬੁੱਤਾਂ ਵਾਂਗ ਵਿਵਹਾਰ ਕਰ ਰਿਹਾ ਸੀ। ਮੈਂ ਉਨ੍ਹਾਂ ਦੀਆਂ ਅੱਖਾਂ ਵਿੱਚ ਹੰਝੂ ਵੇਖੇ। ਜਦੋਂ ਮੈਂ

19ਵੀਂ ਸਦੀ ਦੇ ਸ਼ੁਰੂ ਵਿੱਚ ਉਸ ਘਰ ਗਿਆ ਜਿੱਥੇ ਤੇਰ੍ਹਵੇਂ ਦਲਾਈ ਲਾਮਾ ਕੁਝ ਸਮੇਂ ਲਈ ਰਹੇ ਸਨ, ਤਾਂ ਕੋਈ ਵੀ ਮੇਰੇ ਨੇੜੇ ਨਹੀਂ ਆਇਆ। ਪਰ ਬਾਅਦ ਵਿੱਚ ਇੱਕ ਆਦਮੀ ਚੁੱਪ-ਚਾਪ ਅਧਿਕਾਰੀਆਂ ਨੂੰ ਨਜ਼ਰਅੰਦਾਜ਼ ਕਰਨ ਵਿੱਚ ਕਾਮਯਾਬ ਹੋ ਗਿਆ। ਜਿਵੇਂ ਹੀ ਮੈਂ ਅਜਾਇਬ ਘਰ ਤੋਂ ਬਾਹਰ ਨਿਕਲਿਆ, ਤੇ ਜਦੋਂ ਮੈਂ ਗੇਟ 'ਤੇ ਇੱਕ ਆਦਮੀ ਨਾਲ ਹੱਥ ਮਿਲਾਇਆ ਮੈਂ ਆਪਣੇ ਹੱਥ ਵਿੱਚ ਕੁਝ ਮਹਿਸੂਸ ਕੀਤਾ। ਹੇਠਾਂ ਵੇਖਦਿਆਂ, ਮੈਨੂੰ ਅਹਿਸਾਸ ਹੋਇਆ ਕਿ ਉਹ ਮੇਰੇ ਹੱਥ ਵਿੱਚ ਅਸ਼ੀਰਵਾਦ ਲਈ ਇੱਕ ਛੋਟੀ ਜਿਹੀ ਮਾਲਾ ਦਬਾ ਰਿਹਾ ਸੀ। ਇਸ ਨਾਲ ਮੈਨੂੰ ਉਦਾਸੀ ਹੋਈ ਅਤੇ ਮੈਨੂੰ ਤਰਸ ਆਇਆ।

ਇਸ ਅਜਾਇਬ ਘਰ ਵਿੱਚ ਹੀ ਮੈਨੂੰ ਇੱਕ ਤਸਵੀਰ ਮਿਲੀ, ਜਿਸ ਵਿੱਚ ਖਾਨਾਬਦੋਸ਼ ਲੋਕ ਆਪਣੇ ਜਾਨਵਰਾਂ ਨਾਲ ਇੱਕ ਭਿਕਸ਼ੂ ਦੇ ਵੱਡੇ ਮੂੰਹ ਵਿੱਚ ਘੁੰਮਦੇ ਦਿਖਾਈ ਦੇ ਰਹੇ ਸਨ। ਇਹ ਸਪੱਸ਼ਟ ਤੌਰ 'ਤੇ ਧਰਮ ਵਿਰੋਧੀ ਪ੍ਰਚਾਰ ਲਈ ਬਣਾਇਆ ਗਿਆ ਸੀ। ਮੈਂ ਇੱਕ ਬਿਹਤਰ ਦਿੱਖ ਪ੍ਰਾਪਤ ਕਰਨ ਲਈ ਨੇੜੇ ਗਿਆ, ਪਰ ਮੇਰੇ ਗਾਈਡ ਨੇ ਬੇਚੈਨੀ ਨਾਲ ਮੈਨੂੰ ਕਮਿਊਨਿਸਟ ਪ੍ਰਚਾਰ ਦੀ ਇਸ ਉਦਾਹਰਣ ਤੋਂ ਦੂਰ ਕਰਨ ਦੀ ਕੋਸ਼ਿਸ਼ ਕੀਤੀ। ਮੈਂ ਕਿਹਾ ਕਿ ਮੇਰੇ ਤੋਂ ਕੁਝ ਵੀ ਲੁਕਾਉਣ ਦੀ ਕੋਈ ਲੋੜ ਨਹੀਂ ਹੈ। ਤਸਵੀਰ ਜੋ ਕਹਿ ਰਹੀ ਸੀ ਉਸ ਵਿੱਚ ਕੁਝ ਸੱਚਾਈ ਸੀ। ਤੱਥ ਕਿਉਂ ਲੁਕਾਓ? ਹਰ ਧਰਮ ਲੋਕਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ ਅਤੇ ਸ਼ੋਸ਼ਣ ਕਰ ਸਕਦਾ ਹੈ ਜਿਵੇਂ ਕਿ ਇਹ ਤਸਵੀਰ ਦਿਖਾਉਂਦੀ ਹੈ। ਇਹ ਧਰਮ ਦੀ ਨਹੀਂ ਸਗੋਂ ਉਹਨਾਂ ਦੀ ਗਲਤੀ ਹੈ ਜੋ ਇਹ ਕਰਦੇ ਹਨ।

ਇੱਕ ਹੋਰ ਦਿਲਚਸਪ ਘਟਨਾ ਸੁਣੋ ਜੋ 'ਕਾਲਚੱਕਰ ਮੰਡਲ' ਦੇ ਇੱਕ ਮਾਡਲ ਬਾਰੇ ਹੈ। ਮੈਂ ਦੇਖਿਆ ਕਿ ਇਸਨੂੰ ਬਣਾਉਣ ਦੇ ਤਰੀਕੇ ਵਿੱਚ ਕੁਝ ਗਲਤੀਆਂ ਸਨ। ਇਸ ਲਈ ਜਦੋਂ ਨੌਜਵਾਨ ਔਰਤ ਮੈਂਬਰ ਨੇ ਮੈਨੂੰ ਇਸਦਾ ਅਰਥ ਸਮਝਾਉਣਾ ਸ਼ੁਰੂ ਕੀਤਾ, ਤਾਂ ਮੈਂ ਕਿਹਾ, "ਦੇਖੋ, ਮੈਂ ਇਨ੍ਹਾਂ ਮਾਮਲਿਆਂ ਵਿੱਚ ਮਾਹਰ ਹਾਂ, ਤਾਂ ਮੈਂ ਤੁਹਾਨੂੰ ਇਹ ਕਿਉਂ ਨਾ ਸਮਝਾਵਾਂ" ਅਤੇ ਮੰਡਲ ਦੀਆਂ ਗਲਤੀਆਂ ਵੱਲ ਇਸ਼ਾਰਾ ਕਰਨਾ ਸ਼ੁਰੂ ਕਰ ਦਿੱਤਾ। ਮੈਨੂੰ ਇਹ ਬਹੁਤ ਸੰਤੁਸ਼ਟੀਜਨਕ ਲੱਗਿਆ।

ਜਦੋਂ ਮੈਂ ਮੰਗੋਲਾਂ ਨੂੰ ਜਾਣਿਆ, ਤਾਂ ਮੈਨੂੰ ਅਹਿਸਾਸ ਹੋਣ ਲੱਗਾ ਕਿ ਸਾਡੇ ਦੋਵਾਂ ਦੇਸ਼ਾਂ ਵਿਚਕਾਰ ਸਬੰਧ ਕਿੰਨੇ ਮਜ਼ਬੂਤ ਰਹੇ ਹਨ। ਸਭ ਤੋਂ ਪਹਿਲਾਂ, ਸਾਡਾ ਦੋਵਾਂ ਦਾ ਧਰਮ ਇੱਕੋ ਹੈ। ਮੈਂ ਪਹਿਲਾਂ ਹੀ ਜ਼ਿਕਰ ਕੀਤਾ ਹੈ ਕਿ ਪਹਿਲਾਂ ਬਹੁਤ ਸਾਰੇ ਮੰਗੋਲ ਵਿਦਵਾਨ ਤਿੱਬਤ ਗਏ ਹਨ ਅਤੇ ਸਾਡੀ ਸੰਸਕ੍ਰਿਤੀ ਅਤੇ ਧਰਮ ਵਿੱਚ ਬਹੁਤ ਯੋਗਦਾਨ ਪਾਇਆ ਹੈ। ਤਿੱਬਤੀ ਵੀ ਬਹੁਤ ਸਾਰੇ ਧਾਰਮਿਕ ਗ੍ਰੰਥਾਂ ਦੀ ਵਰਤੋਂ ਕਰਦੇ ਹਨ ਜੋ ਮੰਗੋਲਾਂ ਦੁਆਰਾ ਲਿਖੇ ਗਏ ਹਨ। ਅਤੇ ਫਿਰ ਸਾਡੇ ਬਹੁਤ ਸਾਰੇ ਸਾਂਝੇ ਰੀਤੀ-ਰਿਵਾਜ ਹਨ। ਉਦਾਹਰਣ ਵਜੋਂ, ਖਟਗ ਦਾਨ। ਇੱਕ

ਥੋੜ੍ਹਾ ਜਿਹਾ ਅੰਤਰ ਇਹ ਹੈ ਕਿ ਤਿੱਬਤੀ ਖਟਰਗ ਚਿੱਟੇ ਹਨ ਜਦੋਂ ਕਿ ਮੰਗੋਲੀਆਈ ਪੀਲੇ, ਨੀਲੇ ਜਾਂ ਸਲੇਟੀ ਹਨ। ਮੈਨੂੰ ਲੱਗਦਾ ਹੈ ਕਿ ਇਤਿਹਾਸਕ ਤੌਰ 'ਤੇ, ਮੰਗੋਲੀਆ ਅਤੇ ਤਿੱਬਤ ਦਾ ਭਾਰਤ ਅਤੇ ਤਿੱਬਤ ਵਰਗਾ ਹੀ ਰਿਸ਼ਤਾ ਰਿਹਾ ਹੈ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ, ਮੈਂ ਭਾਈਚਾਰਿਆਂ ਦੇ ਵਿਦਿਆਰਥੀਆਂ ਦੇ ਆਦਾਨ-ਪ੍ਰਦਾਨ ਦਾ ਪ੍ਰਬੰਧ ਕੀਤਾ ਹੈ ਤਾਂ ਜੋ ਸਾਡੇ ਦੇਸ਼ ਨਵੀਆਂ ਚੀਜ਼ਾਂ ਸਿੱਖ ਸਕਣ। ਵਾਪਸ ਆਉਂਦੇ ਸਮੇਂ ਮੈਨੂੰ ਰੂਸ ਅਤੇ ਮੰਗੋਲੀਆ ਦੇ ਹੱਕ ਵਿੱਚ ਕੁਝ ਸਕਾਰਾਤਮਕ ਪ੍ਰਭਾਵ ਮਿਲੇ। ਇਹਨਾਂ ਵਿੱਚੋਂ ਕੁਝ ਭੌਤਿਕ ਤਰੱਕੀ ਨਾਲ ਸਬੰਧਤ ਸਨ। ਖਾਸ ਕਰਕੇ ਮੰਗੋਲੀਆ ਨੇ ਉਦਯੋਗ, ਖੇਤੀਬਾੜੀ ਅਤੇ ਪਸ਼ੂ ਪਾਲਣ ਵਿੱਚ ਬਹੁਤ ਤਰੱਕੀ ਕੀਤੀ ਸੀ। ਜਦੋਂ ਮੈਂ 1987 ਵਿੱਚ ਦੁਬਾਰਾ ਰੂਸ ਦਾ ਦੌਰਾ ਕੀਤਾ ਤਾਂ ਮੈਨੂੰ ਇਹ ਦੇਖ ਕੇ ਬਹੁਤ ਖੁਸ਼ੀ ਹੋਈ ਕਿ ਹਾਲਾਤਾਂ ਵਿੱਚ ਨਾਟਕੀ ਢੰਗ ਨਾਲ ਸੁਧਾਰ ਹੋਇਆ ਹੈ। ਇਹ ਸਪੱਸ਼ਟ ਸਬੂਤ ਸੀ ਕਿ ਰਾਜਨੀਤਿਕ ਆਜ਼ਾਦੀ ਦਾ ਲੋਕਾਂ ਦੀ ਸੋਚ 'ਤੇ ਸਿੱਧਾ ਪ੍ਰਭਾਵ ਪੈਂਦਾ ਹੈ। ਉਹ ਹੁਣ ਆਪਣੀਆਂ ਸੱਚੀਆਂ ਭਾਵਨਾਵਾਂ ਪ੍ਰਗਟ ਕਰ ਸਕਦੇ ਸਨ ਅਤੇ ਸਪੱਸ਼ਟ ਤੌਰ 'ਤੇ ਖੁਸ਼ ਸਨ।

2 ਅਗਸਤ 1979 ਨੂੰ ਜਲਾਵਤਨੀ ਵਿੱਚ ਤਿੱਬਤੀ ਸਰਕਾਰ ਦੇ ਪੰਜ ਮੈਂਬਰਾਂ ਦਾ ਇੱਕ ਵਫ਼ਦ ਦਿੱਲੀ ਤੋਂ ਬੀਜਿੰਗ ਰਾਹੀਂ ਤਿੱਬਤ ਲਈ ਰਵਾਨਾ ਹੋਇਆ। ਮੈਂ ਉਨ੍ਹਾਂ ਨੂੰ ਬਹੁਤ ਧਿਆਨ ਨਾਲ ਚੁਣਿਆ। ਕਿਉਂਕਿ ਉਨ੍ਹਾਂ ਲਈ ਜਿੰਨਾ ਸੰਭਵ ਹੋ ਸਕੇ ਉਦੇਸ਼ਪੂਰਨ ਗਲ ਕਰਨਾ ਮਹੱਤਵਪੂਰਨ ਸੀ, ਮੈਂ ਉਨ੍ਹਾਂ ਵਿਅਕਤੀਆਂ ਨੂੰ ਚੁਣਿਆ ਜੋ ਚੀਨੀ ਹਮਲੇ ਤੋਂ ਪਹਿਲਾਂ ਨਾ ਸਿਰਫ਼ ਤਿੱਬਤ ਨੂੰ ਜਾਣਦੇ ਸਨ, ਸਗੋਂ ਆਧੁਨਿਕ ਦੁਨੀਆ ਬਾਰੇ ਵੀ ਥੋੜ੍ਹਾ ਜਾਣਦੇ ਸਨ। ਮੈਂ ਇਹ ਵੀ ਦੇਖਿਆ ਕਿ ਯੂ-ਸਾਂਗ, ਖਾਮ ਅਤੇ ਅਮਡੋ ਦੇ ਤਿੰਨਾਂ ਪ੍ਰਾਂਤਾਂ ਵਿੱਚੋਂ ਹਰੇਕ ਦਾ ਇੱਕ ਪ੍ਰਤੀਨਿਧੀ ਹੋਵੇ।

ਮੇਰਾ ਭਰਾ ਲੋਬਸਾਂਗ ਸਮਤੇਨ ਉਨ੍ਹਾਂ ਵਿੱਚੋਂ ਇੱਕ ਸੀ। ਉਸਨੇ ਕਈ ਸਾਲ ਪਹਿਲਾਂ ਆਪਣੇ ਮੱਠਵਾਸੀਆਂ ਵਾਲੇ ਸੰਨਿਆਸ-ਪ੍ਰਣ ਤਿਆਗ ਦਿੱਤੇ ਸਨ। ਇਸ ਲਈ 'ਸੰਘ' ਵਿੱਚ ਸਾਡੇ ਪਰਿਵਾਰ ਵਿੱਚੋਂ ਮੈਂ ਇਕੱਲਾ ਹੀ ਬਚਿਆ ਸੀ। ਇਹ ਹੁਣ ਆਪਣੇ ਪਹਿਰਾਵੇ ਅਤੇ ਦਿੱਖ ਵਿੱਚ ਆਧੁਨਿਕ ਹੋ ਗਿਆ ਸੀ। ਲੰਬੇ ਵਾਲ, ਮੋਟੀਆਂ ਮੁੱਛਾਂ। ਲੋਬਸਾਂਗ ਨੂੰ ਤਿੱਬਤੀ ਲੋਕ ਸ਼ਾਇਦ ਹੀ ਪਛਾਣ ਸਕਣ ਜੋ ਉਸਨੂੰ ਪਹਿਲਾਂ ਜਾਣਦੇ ਸਨ।

ਦਸ ਸਾਲ ਤੋਂ ਵੱਧ ਸਮਾਂ ਬੀਤ ਗਿਆ ਹੈ ਅਤੇ ਮੈਨੂੰ ਅਜੇ ਵੀ ਬਿਲਕੁਲ ਨਹੀਂ ਪਤਾ ਕਿ ਬੀਜਿੰਗ ਦੇ ਲੋਕ ਸਾਡੇ ਵਫ਼ਦ ਤੋਂ 'ਨਵੇਂ' ਤਿੱਬਤ 'ਤੇ ਕੀ ਪ੍ਰਭਾਵ ਪਾਉਣ ਦੀ ਉਮੀਦ ਕਰਦੇ ਸਨ। ਮੈਨੂੰ ਲੱਗਦਾ ਹੈ ਕਿ ਉਨ੍ਹਾਂ ਨੂੰ ਯਕੀਨ ਸੀ ਕਿ ਵਫ਼ਦ ਨੂੰ ਮਾਤ ਭੂਮੀ ਵਿੱਚ ਇੰਨੀ ਖੁਸ਼ਹਾਲੀ ਅਤੇ ਸੰਤੁਸ਼ਟੀ ਮਿਲੇਗੀ ਕਿ ਉਨ੍ਹਾਂ ਨੂੰ ਜਲਾਵਤਨੀ ਵਿੱਚ ਰਹਿਣ ਦਾ ਕੋਈ ਮਤਲਬ ਨਹੀਂ ਦਿਖੇਗਾ। ਅਤੇ ਦਰਅਸਲ, ਇਸ ਡਰ ਤੋਂ ਕਿ ਵਫ਼ਦ 'ਤੇ ਸਹੀ ਸੋਚ ਵਾਲੇ ਤਿੱਬਤੀਆਂ ਦੁਆਰਾ ਹਮਲਾ ਕੀਤਾ ਜਾ ਸਕਦਾ ਹੈ, ਚੀਨੀ ਅਧਿਕਾਰੀਆਂ ਨੇ ਤਿੱਬਤੀਆਂ ਨੂੰ

ਵਫ਼ਦ ਪ੍ਰਤੀ ਸਹੀ ਵਿਵਹਾਰ ਕਰਨ ਦੀ ਸਲਾਹ ਦਿੱਤੀ ਸੀ। ਮੈਨੂੰ ਇਹ ਵੀ ਸ਼ੱਕ ਹੈ ਕਿ ਦਲਾਈ ਲਾਮਾ ਅਤੇ ਜਲਾਵਤਨੀ ਵਿੱਚ ਤਿੱਬਤੀ ਸਰਕਾਰ ਦੀ ਹੋਂਦ ਚੀਨੀ ਸਰਕਾਰ ਲਈ ਚਿੰਤਾ ਦਾ ਕਾਰਨ ਸੀ ਅਤੇ ਚੀਨ ਹੁਣ ਵਿਸ਼ਵ ਰਾਏ ਪ੍ਰਤੀ ਵਧੇਰੇ ਬੇਚੈਨ ਸੀ। ਇਸੇ ਲਈ ਸਾਨੂੰ ਲੁਭਾਉਣ ਲਈ ਹਰ ਤਰੀਕਾ ਵਰਤਿਆ ਜਾ ਰਿਹਾ ਸੀ।

ਇਹ ਚੰਗੀ ਕਿਸਮਤ ਸੀ ਕਿ ਚੀਨੀ ਆਪਣੇ ਆਪ 'ਤੇ ਇੰਨਾ ਭਰੋਸਾ ਰੱਖਦੇ ਸਨ। ਕਿਉਂਕਿ, ਪਹਿਲਾ ਵਫ਼ਦ ਅਜੇ ਵੀ ਬੀਜਿੰਗ ਵਿੱਚ ਸੀ ਜਦੋਂ ਚੀਨੀ ਅਧਿਕਾਰੀਆਂ ਨੇ ਇਸ ਮਿਸ਼ਨ ਤੋਂ ਬਾਅਦ ਤਿੰਨ ਹੋਰ ਮਿਸ਼ਨ ਭੇਜਣ ਦੇ ਮੇਰੇ ਪ੍ਰਸਤਾਵ ਨੂੰ ਸਵੀਕਾਰ ਕਰ ਲਿਆ।

ਬੀਜਿੰਗ ਵਿੱਚ ਦੋ ਹਫ਼ਤੇ ਬਿਤਾਉਂਦੇ ਹੋਏ, ਮੇਰੇ ਪੰਜ ਵਫ਼ਦ ਇਸ ਚਾਰ ਮਹੀਨਿਆਂ ਦੀ ਲੰਬੀ ਯਾਤਰਾ ਦੌਰਾਨ ਤਿੱਬਤ ਵਿੱਚ ਕਿੱਥੇ ਕਿਥੇ ਜਾਣਾ ਹੈ ਇਸ ਦੀ ਯੋਜਨਾ ਬਣਾਉਂਦੇ ਰਹੇ। ਪਰ, ਜਿਵੇਂ ਹੀ ਉਹ ਅਮਡੋ ਪਹੁੰਚੇ, ਚੀਨੀਆਂ ਨੂੰ ਸਮੱਸਿਆ ਹੋਣ ਲੱਗੀ। ਵਫ਼ਦ ਜਿੱਥੇ ਵੀ ਗਿਆ, ਵੱਡੀ ਭੀੜ, ਜ਼ਿਆਦਾਤਰ ਨੌਜਵਾਨ, ਉਨ੍ਹਾਂ ਨਾਲ ਸ਼ਾਮਲ ਹੋ ਗਏ। ਉਨ੍ਹਾਂ ਨੇ ਉਨ੍ਹਾਂ ਤੋਂ ਆਸ਼ੀਰਵਾਦ ਮੰਗਿਆ ਅਤੇ ਮੇਰੇ ਬਾਰੇ ਪੁੱਛਿਆ। ਇਸ ਨਾਲ ਚੀਨੀਆਂ ਨੂੰ ਗੁੱਸਾ ਆਇਆ ਅਤੇ ਉਨ੍ਹਾਂ ਨੇ ਲਹਾਸਾ ਦੇ ਅਧਿਕਾਰੀਆਂ ਨੂੰ ਸੁਚੇਤ ਕੀਤਾ। ਲਹਾਸਾ ਦਾ ਜਵਾਬ ਸੀ "ਰਾਜਧਾਨੀ ਵਿੱਚ ਉੱਚ ਪੱਧਰੀ ਰਾਜਨੀਤਿਕ ਸਿਖਲਾਈ ਦੇ ਕਾਰਨ ਇੱਥੇ ਮੁਸੀਬਤ ਦੀ ਕੋਈ ਸੰਭਾਵਨਾ ਨਹੀਂ ਹੈ।"

ਫਿਰ ਵੀ, ਇਨ੍ਹਾਂ ਪੰਜਾਂ ਵਫ਼ਦਾਂ ਦਾ ਹਰ ਕਦਮ 'ਤੇ ਸ਼ਾਨਦਾਰ ਸਵਾਗਤ ਕੀਤਾ ਗਿਆ। ਲਹਾਸਾ ਪਹੁੰਚਣ 'ਤੇ, ਉਨ੍ਹਾਂ ਦਾ ਸਵਾਗਤ ਇੱਕ ਵੱਡੀ ਭੀੜ ਦੁਆਰਾ ਕੀਤਾ ਗਿਆ। ਵਫ਼ਦ ਦੁਆਰਾ ਲਿਆਂਦੀਆਂ ਗਈਆਂ ਤਸਵੀਰਾਂ ਵਿੱਚ ਪਤਾ ਲੱਗ ਰਿਹਾ ਸੀ , ਗਲੀਆਂ ਹਜ਼ਾਰਾਂ ਸ਼ੁਭਚਿੰਤਕਾਂ ਨਾਲ ਭਰੀਆਂ ਹੋਈਆਂ ਹਨ। ਭੀੜ ਨੇ ਦੂਰ ਰਹਿਣ ਦੀਆਂ ਚੇਤਾਵਨੀਆਂ ਨੂੰ ਵੀ ਟਾਲ ਦਿੱਤਾ। ਸ਼ਹਿਰ ਵਿੱਚ ਇੱਕ ਮੈਂਬਰ ਨੇ ਇੱਕ ਉੱਚ ਚੀਨੀ ਕਾਡਰ ਅਧਿਕਾਰੀ ਨੂੰ ਆਪਣੇ ਸਾਥੀ ਨੂੰ ਇਹ ਕਹਿੰਦੇ ਸੁਣਿਆ ਕਿ "ਸਾਡੀਆਂ ਪਿਛਲੇ ਵੀਹ ਸਾਲਾਂ ਦੀਆਂ ਕੋਸ਼ਿਸ਼ਾਂ ਸਿਰਫ਼ ਇੱਕ ਦਿਨ ਵਿੱਚ ਹੀ ਬਰਬਾਦ ਹੋ ਗਈਆਂ ਹਨ"।

ਆਮ ਤੌਰ 'ਤੇ ਤਾਨਾਸ਼ਾਹੀ ਸ਼ਾਸਨਾਂ ਵਿੱਚ, ਲੋਕਾਂ ਅਤੇ ਨੇਤਾਵਾਂ ਵਿਚਕਾਰ ਦੂਰੀ ਹੁੰਦੀ ਹੈ। ਪਰ ਇੱਥੇ ਚੀਨੀਆਂ ਨੇ ਪੂਰੀ ਤਰ੍ਹਾਂ ਗਲਤ ਹਿਸਾਬ ਲਗਾਇਆ ਹੋਇਆ ਜਾਪਦਾ ਸੀ। ਹਾਲਾਂਕਿ ਉਨ੍ਹਾਂ ਕੋਲ ਇੱਕ ਬਹੁਤ ਹੀ ਵਿਸਤ੍ਰਿਤ ਨਿਗਰਾਨੀ ਪ੍ਰਣਾਲੀ ਅਤੇ ਅਜਿਹਾ ਹੋਣ ਤੋਂ ਰੋਕਣ ਲਈ ਇੱਕ ਬਹੁਤ ਵੱਡੀ ਜਾਸੂਸੀ ਪ੍ਰਣਾਲੀ ਸੀ, ਪਰ ਉਨ੍ਹਾਂ ਨੇ ਪੂਰੀ ਤਰ੍ਹਾਂ ਗਲਤ ਹਿਸਾਬ ਲਗਾਇਆ ਸੀ। ਪਰ ਮੈਨੂੰ ਹੋਰ ਵੀ ਹੈਰਾਨੀ ਵਾਲੀ ਗੱਲ ਇਹ ਹੈ ਕਿ ਅਜਿਹੇ

ਤਜ਼ਰਬਿਆਂ ਤੋਂ ਬਾਅਦ ਵੀ ਚੀਨੀ ਇਸ ਪ੍ਰਣਾਲੀ ਨੂੰ ਬਣਾਈ ਰੱਖਦੇ ਹਨ। ਇਸ ਲਈ ਉਦਾਹਰਣ ਵਜੋਂ ਜਦੋਂ ਚੀਨੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਅਤੇ ਡੇਂਗ ਦੇ ਉੱਤਰਾਧਿਕਾਰੀ ਹੂ ਯਾਓਬਾਂਗ ਨੇ ਅਗਲੇ ਸਾਲ ਤਿੱਬਤ ਦਾ ਦੌਰਾ ਕੀਤਾ ਤਾਂ ਉਸਨੂੰ ਇੱਕ ਪਿੰਡ ਵਿੱਚ ਲਿਜਾਇਆ ਗਿਆ ਜੋ ਚੀਨ ਵਰਗਾ ਸੀ ਅਤੇ ਉਸਨੂੰ ਪੂਰੀ ਤਰ੍ਹਾਂ ਗੁੰਮਰਾਹ ਕੀਤਾ ਗਿਆ ਸੀ। 1988 ਵਿੱਚ ਮੈਨੂੰ ਦੱਸਿਆ ਗਿਆ ਕਿ ਜਦੋਂ ਇੱਕ ਪ੍ਰਮੁੱਖ ਚੀਨੀ ਨੇਤਾ ਲਹਾਸਾ ਗਿਆ ਤਾਂ ਉਸਨੇ ਇੱਕ ਬੁੱਢੀ ਔਰਤ ਤੋਂ ਪੁੱਛਿਆ ਕਿ ਉਹ ਤਿੱਬਤ ਦੀ ਮੌਜੂਦਾ ਸਥਿਤੀ ਬਾਰੇ ਕੀ ਸੋਚਦੀ ਹੈ। ਉਸਨੇ ਰਟੀ - ਰਟਾਈ ਪਾਰਟੀ ਲਾਈਨ ਦੁਹਰਾਈ। ਉਸਨੇ ਮੰਨਿਆ ਕਿ ਇਹ ਤਿੱਬਤੀਆਂ ਦੀ ਸੱਚੀ ਭਾਵਨਾ ਸੀ। ਇਹ ਚੀਨੀ ਅਧਿਕਾਰੀਆਂ ਦੇ ਆਪਣੇ ਆਪ ਨੂੰ ਮੂਰਖ ਬਣਾਉਣ ਦੀ ਕੋਸ਼ਿਸ਼ ਕਰਨ ਦੇ ਸਮਾਨ ਹੈ। ਪਰ ਥੋੜ੍ਹੀ ਜਿਹੀ ਦਿਮਾਗ ਵਾਲਾ ਕੋਈ ਵੀ ਵਿਅਕਤੀ ਸਮਝ ਸਕਦਾ ਹੈ ਕਿ ਸਖ਼ਤ ਸਜ਼ਾ ਦੀ ਧਮਕੀ ਹੇਠ ਕੋਈ ਵੀ ਆਪਣੇ ਨਕਾਰਾਤਮਕ ਵਿਚਾਰਾਂ ਨੂੰ ਕਿਉਂ ਪ੍ਰਗਟ ਕਰੇਗਾ।
ਖੁਸ਼ਕਿਸਮਤੀ ਨਾਲ, ਹੂ ਯਾਓਬਾਂਗ ਨੂੰ ਪੂਰੀ ਤਰ੍ਹਾਂ ਮੂਰਖ ਨਹੀਂ ਬਣਾ ਸਕੇ ।

ਉਸਨੇ ਜਨਤਕ ਤੌਰ 'ਤੇ ਤਿੱਬਤੀਆਂ ਦੇ ਰਹਿਣ-ਸਹਿਣ ਦੀਆਂ ਸਥਿਤੀਆਂ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਅਤੇ ਪੁੱਛਿਆ ਕਿ ਕੀ ਤਿੱਬਤ ਨੂੰ ਭੇਜਿਆ ਗਿਆ ਸਾਰਾ ਪੈਸਾ ਬਰਬਾਦ ਹੋ ਗਿਆ ਸੀ। ਉਸਨੇ ਕਬਜ਼ੇ ਵਾਲੇ ਤਿੱਬਤ ਵਿੱਚ ਤਾਇਨਾਤ 85 ਪ੍ਰਤੀਸ਼ਤ ਚੀਨੀ ਕਾਡਰਾਂ ਨੂੰ ਵਾਪਸ ਬੁਲਾਉਣ ਦਾ ਵੀ ਵਾਅਦਾ ਕੀਤਾ।

ਬਾਅਦ ਵਿੱਚ ਇਹਨਾਂ ਪ੍ਰਸਤਾਵਿਤ ਕਦਮਾਂ ਬਾਰੇ ਬਹੁਤ ਘੱਟ ਸੁਣਿਆ ਗਿਆ। ਹੂ ਯਾਓਬਾਂਗ ਜ਼ਿਆਦਾ ਦੇਰ ਤੱਕ ਅਹੁਦੇ 'ਤੇ ਨਹੀਂ ਰਹਿ ਸਕਿਆ ਅਤੇ ਅੰਤ ਵਿੱਚ ਉਸਨੂੰ ਚੀਨੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਵਜੋਂ ਅਸਤੀਫਾ ਦੇਣ ਲਈ ਮਜਬੂਰ ਕੀਤਾ ਗਿਆ। ਫਿਰ ਵੀ, ਮੈਂ ਤਿੱਬਤ ਵਿੱਚ ਚੀਨ ਦੀਆਂ ਗਲਤੀਆਂ ਨੂੰ ਸਵੀਕਾਰ ਕਰਨ ਵਿੱਚ ਉਸਦੀ ਮਹਾਨ ਹਿੰਮਤ ਨੂੰ ਸ਼ੁਕਰਗੁਜ਼ਾਰੀ ਨਾਲ ਯਾਦ ਕਰਦਾ ਹਾਂ। ਉਸਦਾ ਅਜਿਹਾ ਕਰਨਾ ਇਸ ਗੱਲ ਦਾ ਸਪੱਸ਼ਟ ਸਬੂਤ ਹੈ ਕਿ ਚੀਨੀ ਲੀਡਰਸ਼ਿਪ ਵਿੱਚ ਹਰ ਕੋਈ ਦਮਨ ਦੀ ਸਰਕਾਰੀ ਨੀਤੀ ਦੇ ਹੱਕ ਵਿੱਚ ਨਹੀਂ ਹੈ। ਪਰ ਜੇਕਰ ਹੂ ਯਾਓਬਾਂਗ ਦੇ ਇਕਬਾਲੀਆ ਬਿਆਨ ਦਾ ਤਿੱਬਤ 'ਤੇ ਸਥਾਈ ਪ੍ਰਭਾਵ ਨਹੀਂ ਪਿਆ, ਤਾਂ ਦਸੰਬਰ ਦੇ ਅੰਤ ਵਿੱਚ ਧਰਮਸ਼ਾਲਾ ਵਿੱਚ ਵਫ਼ਦ ਦੁਆਰਾ ਕੀਤੀ ਗਈ ਰਿਪੋਰਟ ਨੇ ਜ਼ਰੂਰ ਕੀਤਾ।

ਜਦੋਂ ਮੈਂ ਅਕਤੂਬਰ 1979 ਵਿੱਚ ਰੂਸ, ਮੰਗੋਲੀਆ, ਗ੍ਰੀਸ ਅਤੇ ਅੰਤ ਵਿੱਚ ਸੰਯੁਕਤ ਰਾਜ ਅਮਰੀਕਾ ਦੀਆਂ ਆਪਣੀਆਂ ਦੋ ਲੰਬੀਆਂ ਯਾਤਰਾਵਾਂ ਤੋਂ ਵਾਪਸ ਆਇਆ, ਤਾਂ ਵਫ਼ਦ ਦੇ ਸਾਰੇ ਪੰਜ ਮੈਂਬਰ ਵਾਪਸ ਆ ਗਏ ਸਨ। ਉਹ ਸੈਂਕੜੇ ਫਿਲਮਾਂ ਦੇ ਰੋਲ ਅਤੇ ਘੰਟਿਆਂ ਦੀ ਟੇਪ ਕੀਤੀ ਗੱਲਬਾਤ ਦੇ ਰੂਪ ਵਿੱਚ ਆਪਣੀ ਕਈ ਮਹੀਨਿਆਂ

ਦੀ ਯਾਤਰਾ ਦਾ ਰਿਕਾਰਡ ਵਾਪਸ ਲੈ ਆਏ। ਉਹ ਤਿੱਬਤੀਆਂ ਤੋਂ ਉਨ੍ਹਾਂ ਦੇ ਜਲਾਵਤਨ ਪਰਿਵਾਰਾਂ ਨੂੰ ਸੱਤ ਹਜ਼ਾਰ ਪੱਤਰ ਵੀ ਵਾਪਸ ਲੈ ਆਏ, ਜੋ ਕਿ ਵੀਹ ਸਾਲਾਂ ਤੋਂ ਵੱਧ ਸਮੇਂ ਵਿੱਚ ਤਿੱਬਤ ਤੋਂ ਆਉਣ ਵਾਲੀ ਪਹਿਲੀ ਡਾਕ ਸੀ।

ਬਦਕਿਸਮਤੀ ਨਾਲ, ਉਹ 'ਨਵੇਂ' ਤਿੱਬਤ ਦਾ ਨਕਾਰਾਤਮਕ ਪ੍ਰਭਾਵ ਲੈ ਕੇ ਵਾਪਸ ਆਏ। ਨਾਲ ਹੀ, ਉਨ੍ਹਾਂ ਦੇ ਸਾਹਮਣੇ ਇਕੱਠੇ ਹੋਏ ਹੰਝੂ ਭਰੇ ਤਿੱਬਤੀਆਂ ਦੀ ਭੀੜ ਇਸ ਗੱਲ ਦਾ ਸਪੱਸ਼ਟ ਸਬੂਤ ਸੀ ਕਿ ਚੀਨੀ ਅਧਿਕਾਰੀਆਂ ਨੇ ਯੋਜਨਾਬੱਧ ਅਤੇ ਬੇਰਹਿਮੀ ਨਾਲ ਸਾਡੀ ਪ੍ਰਾਚੀਨ ਸੱਭਿਆਚਾਰ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕੀਤੀ ਸੀ। ਇਸ ਤੋਂ ਇਲਾਵਾ, ਸਾਲਾਂ ਦੇ ਅਕਾਲ, ਸਮੂਹਿਕ ਭੁੱਖਮਰੀ, ਜਨਤਕ ਫਾਂਸੀ ਅਤੇ ਵੱਡੇ ਪੱਧਰ 'ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਅਣਗਿਣਤ ਬਿਰਤਾਂਤ ਸਨ, ਜਿਨ੍ਹਾਂ ਵਿੱਚ ਜ਼ਬਰਦਸਤੀ ਮਜ਼ਦੂਰੀ ਕੈਂਪਾਂ ਲਈ ਬੱਚਿਆਂ ਦਾ ਅਗਵਾ ਕਰਨਾ ਜਾਂ ਚੀਨ ਵਿੱਚ ਉਨ੍ਹਾਂ ਨੂੰ 'ਸਿੱਖਿਆ' ਦੇਣਾ, ਮਾਸੂਮ ਨਾਗਰਿਕਾਂ ਨੂੰ ਕੈਦ ਕਰਨਾ, ਨਜ਼ਰਬੰਦੀ ਕੈਂਪਾਂ ਵਿੱਚ ਹਜ਼ਾਰਾਂ ਭਿਕਸ਼ੂਆਂ ਅਤੇ ਨਨਾਂ ਦੀ ਹੱਤਿਆ ਸ਼ਾਮਲ ਹੈ। ਇਹ ਇੱਕ ਭਿਆਨਕ ਕਹਾਣੀ ਸੀ, ਅਤੇ ਇਹ ਕਹਾਣੀ ਮੱਠਾਂ ਦੀਆਂ ਤਸਵੀਰਾਂ ਦੁਆਰਾ ਦੱਸੀ ਗਈ ਸੀ ਜਿਨ੍ਹਾਂ ਨੂੰ ਇੱਟਾਂ ਅਤੇ ਪੱਥਰਾਂ ਦੇ ਢੇਰਾਂ ਜਾਂ ਅਨਾਜ ਭੰਡਾਰਾਂ ਜਾਂ ਫੈਕਟਰੀਆਂ ਜਾਂ ਪਸ਼ੂਆਂ ਦੇ ਸ਼ੈੱਡਾਂ ਵਿੱਚ ਬਦਲ ਦਿੱਤਾ ਗਿਆ ਸੀ।

ਪਰ ਚੀਨੀ ਅਧਿਕਾਰੀਆਂ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਉਹ ਵਫ਼ਦ ਜਾਂ ਜਲਾਵਤਨ ਤਿੱਬਤੀਆਂ ਤੋਂ ਕੋਈ ਆਲੋਚਨਾ ਨਹੀਂ ਸੁਣਨਗੇ। ਉਨ੍ਹਾਂ ਨੇ ਕਿਹਾ ਕਿ ਜਦੋਂ ਅਸੀਂ ਬਾਹਰ (ਤਿੱਬਤ ਤੋਂ) ਸੀ ਤਾਂ ਅਸੀਂ ਅੰਦਰ ਕੀ ਹੋ ਰਿਹਾ ਸੀ ਦੀ ਆਲੋਚਨਾ ਨਹੀਂ ਕਰ ਸਕਦੇ ਸੀ। ਜਦੋਂ ਲੋਬਸਾਂਗ ਸੈਮਟੇਨ ਨੇ ਮੈਨੂੰ ਇਹ ਦੱਸਿਆ, ਤਾਂ ਮੈਨੂੰ 1950 ਦੇ ਦਹਾਕੇ ਵਿੱਚ ਵਾਪਰੀ ਇੱਕ ਘਟਨਾ ਯਾਦ ਆਈ। ਇੱਕ ਚੀਨੀ ਪਾਰਟੀ ਮੈਂਬਰ ਨੇ ਇੱਕ ਤਿੱਬਤੀ ਅਧਿਕਾਰੀ ਨੂੰ ਪੁੱਛਿਆ ਕਿ ਉਹ ਤਿੱਬਤ ਵਿੱਚ ਚੀਨੀ ਸ਼ਾਸਨ ਬਾਰੇ ਕੀ ਸੋਚਦਾ ਹੈ। ਤਿੱਬਤੀ ਨੇ ਜਵਾਬ ਦਿੱਤਾ, "ਮੈਨੂੰ ਪਹਿਲਾਂ ਦੇਸ਼ ਛੱਡਣ ਦਿਓ, ਫਿਰ ਮੈਂ ਤੁਹਾਨੂੰ ਦੱਸਾਂਗਾ।"

ਤਾਂ ਇਹ ਸੱਚ ਹੈ ਕਿ ਵਫ਼ਦ ਕੁਝ ਉਤਸ਼ਾਹਜਨਕ ਖ਼ਬਰਾਂ ਲੈ ਕੇ ਆਇਆ ਸੀ। ਉਦਾਹਰਣ ਵਜੋਂ, ਬੀਜਿੰਗ ਵਿੱਚ ਉਹ ਬਹੁਤ ਸਾਰੇ ਨੌਜਵਾਨ ਤਿੱਬਤੀ ਵਿਦਿਆਰਥੀਆਂ ਨੂੰ ਮਿਲੇ ਜੋ ਕਮਿਊਨਿਸਟ ਪਾਰਟੀ ਤੋਂ ਪ੍ਰੇਰਿਤ ਸਨ।

ਉਹਨਾਂ ਨੂੰ ਕਾਡਰ ਵਜੋਂ ਸਿਖਲਾਈ ਦਿੱਤੀ ਜਾ ਰਹੀ ਸੀ। ਪਰ ਅੰਨ੍ਹੇਵਾਹ ਮਾਰਕਸਵਾਦੀ ਜਾਂ ਚੀਨ ਪੱਖੀ ਨੀਤੀ ਅਪਨਾਉਣ ਦੀ ਬਜਾਏ, ਉਹ ਤਿੱਬਤੀ ਆਜ਼ਾਦੀ ਦੇ ਉਦੇਸ਼ ਪ੍ਰਤੀ ਡੂੰਘੇ ਵਚਨਬੱਧ ਨਿਕਲੇ। ਅਤੇ ਉਹਨਾਂ ਦੀ ਦ੍ਰਿੜਤਾ ਉਹਨਾਂ ਬਹੁਤ ਸਾਰੀਆਂ ਘਟਨਾਵਾਂ ਤੋਂ ਸਪੱਸ਼ਟ ਹੈ ਜਿਨ੍ਹਾਂ ਵਿੱਚ ਆਮ ਤਿੱਬਤੀਆਂ ਨੇ ਦਲਾਈ ਲਾਮਾ

ਪ੍ਰਤੀ ਸਤਿਕਾਰ ਅਤੇ ਪਿਆਰ ਦਿਖਾਉਣ ਲਈ ਚੀਨੀ ਅਧਿਕਾਰੀਆਂ ਦਾ ਖੁੱਲ੍ਹ ਕੇ ਵਿਰੋਧ ਕੀਤਾ। ਦਰਅਸਲ, ਅਜਿਹਾ ਲਗਦਾ ਹੈ ਕਿ ਇਹਨਾਂ ਨਿਰਾਸ਼ਾਜਨਕ ਤਜ਼ਰਬਿਆਂ ਨੇ ਉਹਨਾਂ ਦੇ ਇਰਾਦੇ ਨੂੰ ਹੋਰ ਵੀ ਮਜ਼ਬੂਤ ਕੀਤਾ।

ਇਸ ਪਹਿਲੇ ਵਫ਼ਦ ਦਾ ਇੱਕ ਹੋਰ ਚੰਗਾ ਪਹਿਲੂ ਬੀਜਿੰਗ ਵਿੱਚ ਪੰਚੇਨ ਲਾਮਾ ਨਾਲ ਮੁਲਾਕਾਤ ਸੀ। ਪੰਚੇਨ ਲਾਮਾ ਨਾਲ ਚੀਨੀ ਅਧਿਕਾਰੀਆਂ ਦੁਆਰਾ ਬਹੁਤ ਬੇਰਹਿਮੀ ਨਾਲ ਪੇਸ਼ ਆਇਆ ਗਿਆ ਸੀ ਅਤੇ ਉਹਨਾਂ ਦੇ ਸਰੀਰ 'ਤੇ ਪੰਜ ਜ਼ਖ਼ਮ ਦਿਖਾਏ ਸਨ ਜੋ ਉਹਨਾਂ ਨੂੰ ਤਸ਼ੱਦਦ ਦੌਰਾਨ ਮਿਲੇ ਸਨ। ਉਸਨੇ ਕਿਹਾ ਕਿ ਮੇਰੇ ਜਲਾਵਤਨੀ ਵਿੱਚ ਭੱਜਣ ਤੋਂ ਬਾਅਦ, ਚੀਨੀ ਫੌਜ ਨੇ ਤਾਸ਼ੀਲਹੁੰਪੋ ਵਿਖੇ ਉਸਦੇ ਆਪਣੇ ਮੱਠ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ। ਪਰ ਜਦੋਂ ਉਸਨੇ ਨਵੇਂ ਮਾਲਕਾਂ ਦੀ ਆਲੋਚਨਾ ਕਰਨੀ ਸ਼ੁਰੂ ਕੀਤੀ, ਤਾਂ ਫੌਜਾਂ ਭੇਜੀਆਂ ਗਈਆਂ। ਫਿਰ 1962 ਦੌਰਾਨ ਉਸਨੂੰ ਤਿਆਰੀ ਕਮੇਟੀ ਦੇ ਚੇਅਰਮੈਨ ਵਜੋਂ ਮੇਰੀ ਜਗ੍ਹਾ ਲੈਣ ਲਈ ਕਿਹਾ ਗਿਆ। ਉਸਨੇ ਇਨਕਾਰ ਕਰ ਦਿੱਤਾ ਅਤੇ ਚੇਅਰਮੈਨ ਮਾਓ ਨੂੰ 70,000 ਸ਼ਬਦਾਂ ਦਾ ਇੱਕ ਲੰਮਾ ਮੈਮੋਰੰਡਮ ਭੇਜਿਆ। ਨਤੀਜੇ ਵਜੋਂ, ਉਸਨੂੰ ਉਸਦੇ ਅਹੁਦੇ ਤੋਂ ਹਟਾ ਦਿੱਤਾ ਗਿਆ, ਹਾਲਾਂਕਿ ਮਾਓ ਨੇ ਉਸਨੂੰ ਬੇਸ਼ਰਮੀ ਨਾਲ ਭਰੋਸਾ ਦਿੱਤਾ ਸੀ ਕਿ ਉਸਦੀ ਸ਼ਿਕਾਇਤਾਂ 'ਤੇ ਵਿਚਾਰ ਕੀਤਾ ਜਾਵੇਗਾ। ਕੁਝ ਮੁੱਠੀ ਭਰ ਪੁਰਾਣੇ ਭਿਕਸ਼ੂ ਜੋ ਤਾਸ਼ੀਲਹੁੰਪੋ ਵਾਪਸ ਆਏ ਸਨ, ਉਹਨਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ। ਉਨ੍ਹਾਂ 'ਤੇ ਅਪਰਾਧਿਕ ਗਤੀਵਿਧੀਆਂ ਦਾ ਦੋਸ਼ ਲਗਾਇਆ ਗਿਆ ਸੀ ਅਤੇ ਸ਼ਿਗਾਤਸੇ ਦੇ ਲੋਕਾਂ ਦੇ ਸਾਹਮਣੇ ਜ਼ਲੀਲ ਕੀਤਾ ਗਿਆ ਸੀ।

1964 ਦੇ ਸ਼ੁਰੂ ਵਿੱਚ, ਪੰਚੇਨ ਲਾਮਾ ਨੂੰ ਮੁੜ ਵਸੇਬੇ ਦਾ ਮੌਕਾ ਦਿੱਤਾ ਗਿਆ ਸੀ। ਉਸਨੂੰ ਮੋਨਲਮ ਤਿਉਹਾਰ ਲਈ ਲਹਾਸਾ ਦੇ ਲੋਕਾਂ ਨੂੰ ਭਾਸ਼ਣ ਦੇਣ ਲਈ ਸੱਦਾ ਦਿੱਤਾ ਗਿਆ ਸੀ, ਜੋ ਕਿ ਸਿਰਫ ਇੱਕ ਦਿਨ ਲਈ ਹੋਣਾ ਸੀ। ਉਹ ਬੋਲਣ ਲਈ ਸਹਿਮਤ ਹੋ ਗਿਆ। ਪਰ ਚੀਨੀ ਅਧਿਕਾਰੀ ਹੈਰਾਨ ਰਹਿ ਗਏ ਜਦੋਂ ਉਸਨੇ ਇਕੱਠੀ ਹੋਈ ਭੀੜ ਨੂੰ ਦੱਸਿਆ ਕਿ ਤਿੱਬਤੀ ਲੋਕਾਂ ਦਾ ਅਸਲ ਨੇਤਾ ਦਲਾਈ ਲਾਮਾ ਹੈ। ਉਸਨੇ ਆਪਣਾ ਭਾਸ਼ਣ ਇੱਕ ਲੰਬੇ ਨਾਅਰੇ ਨਾਲ ਖਤਮ ਕੀਤਾ, "ਦਲਾਈ ਲਾਮਾ ਜ਼ਿੰਦਾਬਾਦ।" ਉਸਨੂੰ ਦੁਬਾਰਾ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ 17 ਦਿਨਾਂ ਦੇ ਗੁਪਤ ਮੁਕੱਦਮੇ ਤੋਂ ਬਾਅਦ, ਉਸਨੂੰ ਗਾਯਬ ਕਰ ਦਿੱਤਾ ਗਿਆ। ਕਈਆਂ ਨੂੰ ਸ਼ੱਕ ਸੀ ਕਿ ਉਸਦੀ ਹੱਤਿਆ ਕਰ ਦਿੱਤੀ ਗਈ ਹੈ। ਪਰ ਬਾਅਦ ਵਿੱਚ ਇਹ ਖੁਲਾਸਾ ਹੋਇਆ ਕਿ ਉਸਨੂੰ ਪਹਿਲਾਂ ਘਰ ਵਿੱਚ ਨਜ਼ਰਬੰਦ ਰੱਖਿਆ ਗਿਆ ਸੀ ਅਤੇ ਫਿਰ ਚੀਨ ਵਿੱਚ ਇੱਕ ਵੱਧ ਤੋਂ ਵੱਧ ਸੁਰੱਖਿਆ ਵਾਲੀ ਜੇਲ੍ਹ ਵਿੱਚ ਰੱਖਿਆ ਗਿਆ ਸੀ ਜਿੱਥੇ ਉਸਨੂੰ ਸਖ਼ਤ ਤਸੀਹੇ ਦਿੱਤੇ ਗਏ ਸਨ। ਹਾਲਾਤ ਇੰਨੇ ਸਖ਼ਤ ਸਨ ਕਿ ਉਸਨੇ ਕਈ ਵਾਰ ਖੁਦਕੁਸ਼ੀ ਦੀ ਕੋਸ਼ਿਸ਼ ਵੀ ਕੀਤੀ।

ਪੰਚੇਨ ਲਾਮਾ ਜ਼ਿੰਦਾ ਸੀ ਅਤੇ ਪਹਿਲਾਂ ਨਾਲੋਂ ਬਿਹਤਰ ਸੀ। ਪਰ ਵਫ਼ਦ ਨੇ ਦੇਖਿਆ ਕਿ ਤਿੱਬਤ ਦੀ ਹਾਲਤ ਬਹੁਤ ਮਾੜੀ ਸੀ। ਇਹ ਸੱਚ ਸੀ ਕਿ ਆਰਥਿਕਤਾ ਬਦਲ ਗਈ ਸੀ

ਅਤੇ ਦੇਸ਼ ਵਿੱਚ ਹਰ ਚੀਜ਼ ਭਰਪੂਰ ਸੀ। ਪਰ ਤਿੱਬਤੀਆਂ ਨੂੰ ਇਸ ਤੋਂ ਥੋੜ੍ਹਾ ਜਿਹਾ ਵੀ ਲਾਭ ਨਹੀਂ ਹੋਇਆ। ਕਿਉਂਕਿ ਸਾਰੀਆਂ ਸੁੱਖ-ਸਹੂਲਤਾਂ ਅਤੇ ਸਹੂਲਤਾਂ ਚੀਨੀਆਂ ਦੇ ਹੱਥਾਂ ਵਿੱਚ ਸਨ ਜਿਨ੍ਹਾਂ ਨੇ ਤਿੱਬਤ 'ਤੇ ਕਬਜ਼ਾ ਕਰ ਲਿਆ ਸੀ। ਉਦਾਹਰਣ ਵਜੋਂ, ਜਿੱਥੇ ਪਹਿਲਾਂ ਇੱਕ ਵੀ ਫੈਕਟਰੀ ਨਹੀਂ ਸੀ, ਉੱਥੇ ਹੁਣ ਬਹੁਤ ਸਾਰੀਆਂ ਫੈਕਟਰੀਆਂ ਸਨ ਪਰ ਉਨ੍ਹਾਂ ਦਾ ਸਾਰਾ ਉਤਪਾਦਨ ਚੀਨ ਨੂੰ ਭੇਜਿਆ ਜਾ ਰਿਹਾ ਸੀ। ਅਤੇ ਫੈਕਟਰੀਆਂ ਦਾ ਯੋਗਦਾਨ ਵੀ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨ ਤੋਂ ਇਲਾਵਾ ਦਿਖਾਈ ਨਹੀਂ ਦੇ ਰਿਹਾ ਸੀ। ਇਹੀ ਗੱਲ ਪਣ-ਬਿਜਲੀ ਪਲਾਂਟਾਂ ਲਈ ਵੀ ਸੱਚ ਸੀ। ਅਤੇ ਫਿਰ ਜਦੋਂ ਹਰ ਸ਼ਹਿਰ ਅਤੇ ਕਸਬੇ ਵਿੱਚ ਚੀਨੀ ਕੁਆਰਟਰ ਬਿਜਲੀ ਨਾਲ ਜਗਮਗਾ ਰਹੇ ਸਨ, ਲਹਾਸਾ ਦੇ ਤਿੱਬਤੀ ਹਿੱਸੇ ਵਿੱਚ ਹਰ ਕਮਰੇ ਵਿੱਚ ਵੱਧ ਤੋਂ ਵੱਧ 15 ਜਾਂ 20 ਵਾਟ ਦਾ ਬੱਲਬ ਝਿਲਮਿਲਾਉਂਦਾ ਸੀ। ਅਤੇ ਇਹ ਵੀ ਬੈਂਡ ਹੋ ਜਾਂਦੇ ਸਨ, ਖਾਸ ਕਰਕੇ ਸਰਦੀਆਂ ਵਿੱਚ, ਜਦੋਂ ਇਹਨਾਂ ਪਣ-ਬਿਜਲੀ ਪਾਵਰ ਸਟੇਸ਼ਨਾਂ ਤੋਂ ਬਿਜਲੀ ਸ਼ਹਿਰ ਦੇ ਬਾਕੀ ਹਿੱਸਿਆਂ ਵਿੱਚ ਉੱਚ ਖਪਤ ਵਾਲੀਆਂ ਥਾਵਾਂ 'ਤੇ ਭੇਜੀ ਜਾਂਦੀ ਸੀ।

ਖੇਤੀਬਾੜੀ ਦੇ ਮਾਮਲੇ ਵਿੱਚ ਵੀ ਚੀਨੀਆਂ ਨੇ ਸਰਦੀਆਂ ਵਿੱਚ ਜੌਂ ਦੀ ਰਵਾਇਤੀ ਫਸਲ ਦੀ ਬਜਾਏ ਕਣਕ ਬੀਜਣ 'ਤੇ ਜ਼ੋਰ ਦਿੱਤਾ। ਇਸਦਾ ਕਾਰਨ ਸਿਰਫ਼ ਇਹ ਸੀ ਕਿ ਚੀਨੀ ਜੌਂ ਦੀ ਬਜਾਏ ਕਣਕ ਖਾਂਦੇ ਸਨ। ਨਤੀਜੇ ਵਜੋਂ ਕੁਝ ਚੰਗੀਆਂ ਫਸਲਾਂ ਤੋਂ ਬਾਅਦ ਲੰਬੇ ਸਮੇਂ ਤੱਕ ਅਕਾਲ ਪਿਆ। ਨਵੀਂ ਤੇਜ ਜਲਦੀ ਖੇਤੀਬਾੜੀ ਪ੍ਰਣਾਲੀ ਦੁਆਰਾ ਲਿਆਂਦੀਆਂ ਗਈਆਂ ਤਬਦੀਲੀਆਂ ਨੇ ਤਿੱਬਤ ਵਿੱਚ ਉਪਜਾਊ ਮਿੱਟੀ ਦੀ ਪਤਲੀ ਪਰਤ ਨੂੰ ਉਤਾਰ ਦਿੱਤਾ ਅਤੇ ਇਸਨੂੰ ਮੀਲਾਂ ਦੇ ਮਾਰੂਥਲ ਵਿੱਚ ਬਦਲ ਦਿੱਤਾ।

ਜੰਗਲੀ ਜੀਵਾਂ ਵਰਗੇ ਹੋਰ ਸਰੋਤਾਂ ਦਾ ਵੀ ਇਸੇ ਤਰ੍ਹਾਂ ਸ਼ੋਸ਼ਣ ਕੀਤਾ ਗਿਆ। ਇਹ ਅੰਦਾਜ਼ਾ ਲਗਾਇਆ ਗਿਆ ਸੀ ਕਿ 1955 ਤੋਂ ਲਗਭਗ 50 ਮਿਲੀਅਨ ਰੁੱਖ ਕੱਟੇ ਗਏ ਸਨ ਅਤੇ ਲੱਖਾਂ ਏਕੜ ਜ਼ਮੀਨ ਤੋਂ ਸਾਰੀ ਬਨਸਪਤੀ ਖਤਮ ਹੋ ਗਈ ਸੀ। ਪਸ਼ੂ ਪਾਲਣ ਵਿੱਚ ਵੀ ਨਾਟਕੀ ਸੁਧਾਰ ਹੋਇਆ ਸੀ। ਕੁਝ ਥਾਵਾਂ 'ਤੇ ਚਰਾਗਾਹਾਂ ਵਿੱਚ ਜਾਨਵਰਾਂ ਦੀ ਗਿਣਤੀ ਦਸ ਗੁਣਾ ਵਧ ਗਈ ਸੀ, ਪਰ ਚਰਾਗਾਹਾਂ ਉਹੀ ਰਹੀਆਂ। ਪਰ ਹੋਰ ਥਾਵਾਂ 'ਤੇ ਜ਼ਿਆਦਾ ਸ਼ੋਸ਼ਣ ਦਾ ਮਤਲਬ ਸੀ ਕਿ ਚਰਾਉਣਾ ਹੁਣ ਸੰਭਵ ਨਹੀਂ ਰਿਹਾ। ਨਤੀਜੇ ਵਜੋਂ, ਪੂਰਾ ਵਾਤਾਵਰਣ ਸੰਤੁਲਨ ਤੋਂ

ਬਾਹਰ ਹੋ ਗਿਆ। ਕਦੇ ਆਜ਼ਾਦ ਘੁੰਮਦੇ ਹਿਰਨ, ਕਾਂਗ ਅਤੇ ਡਰਾਂਗ ਗਾਇਬ ਹੋ ਗਏ ਸਨ, ਅਤੇ ਹੰਸ ਅਤੇ ਬੱਤਖਾਂ ਦੇ ਵੱਡੇ ਝੁੰਡ ਜੋ ਇਸ ਖੇਤਰ ਦੀ ਵਿਸ਼ੇਸ਼ਤਾ ਸਨ, ਕਿਤੇ ਵੀ ਦਿਖਾਈ ਨਹੀਂ ਦੇ ਰਹੇ ਸਨ।

ਡਾਕਟਰੀ ਇਲਾਜ ਦੇ ਸੰਬੰਧ ਵਿੱਚ, ਹੁਣ ਇਹ ਸਪੱਸ਼ਟ ਹੋ ਗਿਆ ਸੀ ਕਿ ਚੀਨੀਆਂ ਦੁਆਰਾ ਦਾਅਵਾ ਕੀਤੇ ਗਏ ਹਸਪਤਾਲਾਂ ਨਾਲੋਂ ਕਿਤੇ ਜ਼ਿਆਦਾ ਹਸਪਤਾਲ ਸਨ। ਪਰ ਇਹ ਵੀ ਪੂਰੀ ਤਰ੍ਹਾਂ ਪ੍ਰਵਾਸੀ ਚੀਨੀਆਂ ਦੇ ਫਾਇਦੇ ਲਈ ਸਨ। ਅਤੇ ਜਦੋਂ ਵੀ ਚੀਨੀਆਂ ਨੂੰ ਖੂਨ ਦੀ ਲੋੜ ਹੁੰਦੀ ਸੀ, ਇਹ ਤਿੱਬਤੀ 'ਵਲੰਟੀਅਰਾਂ' ਤੋਂ ਲਿਆ ਜਾਂਦਾ ਸੀ।

ਪਹਿਲਾਂ ਨਾਲੋਂ ਕਿਤੇ ਜ਼ਿਆਦਾ ਸਕੂਲ ਸਨ। ਪਰ ਚੀਨੀਆਂ ਨੂੰ ਲਾਭ ਪਹੁੰਚਾਉਣ ਲਈ ਸਿੱਖਿਆ ਪ੍ਰੋਗਰਾਮ ਨੂੰ ਘਟਾ ਦਿੱਤਾ ਗਿਆ ਸੀ। ਉਦਾਹਰਣ ਵਜੋਂ, ਪਹਿਲੇ ਵਫ਼ਦ ਨੇ ਕਹਾਣੀਆਂ ਸੁਣੀਆਂ ਕਿ ਕਿਵੇਂ ਸਥਾਨਕ ਚੀਨੀ ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਉਹ ਕੇਂਦਰੀ ਪ੍ਰਸ਼ਾਸਨ ਤੋਂ ਵਧੇਰੇ ਪੈਸਾ ਪ੍ਰਾਪਤ ਕਰਨ ਲਈ ਤਿੱਬਤੀਆਂ ਲਈ ਸਹੂਲਤਾਂ ਵਿੱਚ ਸੁਧਾਰ ਕਰ ਰਹੇ ਹਨ। ਅਤੇ ਫਿਰ ਪੈਸੇ ਦੀ ਵਰਤੋਂ ਆਪਣੇ ਬੱਚਿਆਂ ਦੇ ਲਾਭ ਲਈ ਕੀਤੀ। ਚੀਨੀ ਜੋ ਸਿੱਖਿਆ ਦੇ ਰਹੇ ਸਨ ਉਹ ਜ਼ਿਆਦਾਤਰ ਚੀਨੀ ਭਾਸ਼ਾ ਵਿੱਚ ਸੀ। 'ਪੰਦਰਾਂ ਸਾਲਾਂ ਦੇ ਅੰਦਰ' ਤਿੱਬਤੀ ਭਾਸ਼ਾ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ।

208 ਅਜ਼ਾਦ ਸ਼ਰਨਾਰਥੀ

ਅਸਲ ਵਿੱਚ ਇਹਨਾਂ ਵਿੱਚੋਂ ਬਹੁਤ ਸਾਰੇ ਸਕੂਲ ਬੱਚਿਆਂ ਲਈ ਲੇਬਰ ਕੈਂਪਾਂ ਤੋਂ ਜ਼ਿਆਦਾ ਕੁਝ ਵੀ ਨਹੀਂ ਸਨ। ਸਿਰਫ਼ ਉਹੀ 1,500 ਬੱਚੇ ਸਨ ਜਿਨ੍ਹਾਂ ਨੂੰ ਸਹੀ ਸਿੱਖਿਆ ਮਿਲ ਰਹੀ ਸੀ ਜਿਨ੍ਹਾਂ ਨੂੰ 'ਏਕਤਾ' ਨੂੰ ਉਤਸ਼ਾਹਿਤ ਕਰਨ ਦੇ ਨਾਮ 'ਤੇ ਜ਼ਬਰਦਸਤੀ ਚੀਨੀ ਸੰਸਥਾਵਾਂ ਵਿੱਚ ਭੇਜਿਆ ਗਿਆ ਸੀ।

ਮੇਰੇ ਪ੍ਰਤੀਨਿਧੀਆਂ ਨੇ ਪਾਇਆ ਕਿ ਸੰਚਾਰ ਦੇ ਸਾਧਨਾਂ ਵਿੱਚ ਨਾਟਕੀ ਢੰਗ ਨਾਲ ਸੁਧਾਰ ਹੋਇਆ ਹੈ।

ਹਰ ਬਸਤੀ ਨੂੰ ਜੋੜਨ ਵਾਲੀਆਂ ਅਤੇ ਇੱਕ ਦੂਜੇ ਨੂੰ ਕੱਟਣ ਵਾਲੀਆਂ ਸੜਕਾਂ ਬਣ ਗਈਆਂ ਸਨ । ਭਾਰੀ ਟਰੱਕਾਂ ਸਮੇਤ ਹਜ਼ਾਰਾਂ ਹੀ ਗੱਡੀਆਂ ਉਨ੍ਹਾਂ 'ਤੇ ਚੱਲ ਰਹੀਆਂ ਹਨ ਪਰ ਗੱਡੀਆਂ ਚੀਨੀ ਸਰਕਾਰ ਡੀਆਂ ਹਨ। ਇੱਕ ਆਮ ਤਿੱਬਤੀ ਬਿਨਾਂ ਇਜਾਜ਼ਤ ਦੇ ਘੁੰਮ ਨਹੀਂ ਸਕਦਾ। ਇਹ ਮੰਨਿਆ ਜਾਂਦਾ ਹੈ ਕਿ ਹਾਲ ਹੀ ਵਿੱਚ ਕੁਝ ਢਿੱਲ ਦਿੱਤੀ ਗਈ ਸੀ , ਪਰ ਇਸ ਢਿੱਲ ਦਾ ਲਾਭ ਕਿੰਨੇ ਲੋਕ ਲੈ ਸਕਦੇ ਹਨ?

ਇਸੇ ਤਰ੍ਹਾਂ, ਖਪਤਕਾਰੀ ਵਸਤੂਆਂ ਵੀ ਭਰਪੂਰ ਮਾਤਰਾ ਵਿੱਚ ਉਪਲਬਧ ਸਨ, ਪਰ ਮੁੱਠੀ ਭਰ ਤਿੱਬਤੀਆਂ ਤੋਂ ਇਲਾਵਾ ਕੋਈ ਉਨ੍ਹਾਂ ਨੂੰ ਖਰੀਦ ਨਹੀਂ ਸਕਦਾ ਸੀ। ਜ਼ਿਆਦਾਤਰ ਲੋਕ ਨਿਰੀ ਗਰੀਬੀ ਵਿੱਚ ਜੀ ਰਹੇ ਸਨ। ਡੈਲੀਗੇਟਾਂ ਨੇ ਸੁਣਿਆ ਕਿ ਹਾਲ ਹੀ ਤੱਕ ਕੋਟਾ ਇੰਨਾ ਘੱਟ ਸੀ ਕਿ ਤੀਹ ਦਿਨਾਂ ਲਈ ਰਾਸ਼ਨ ਵੀਹ ਦਿਨਾਂ ਤੱਕ ਮੁਸ਼ਕਿਲ ਨਾਲ ਚੱਲ ਸਕਦਾ ਸੀ। ਉਸ ਤੋਂ ਬਾਅਦ, ਉਨ੍ਹਾਂ ਨੂੰ ਦਸ ਦਿਨਾਂ ਲਈ ਘਾਹ ਪੱਤੇ ਖਾਣਾ ਪੈਂਦਾ ਸੀ । ਉਦਾਹਰਣ ਵਜੋਂ, ਇੱਕ ਮਹੀਨੇ ਲਈ ਮੱਖਣ ਦਾ ਰਾਸ਼ਨ, ਜੋ ਪੁਰਾਣੇ ਜ਼ਮਾਨੇ ਵਿੱਚ ਸਿਰਫ਼ ਇੱਕ ਕੱਪ ਚਾਹ ਲਈ ਕਾਫ਼ੀ ਸੀ, ਹੁਣ ਸਿਰਫ਼ ਬੁੱਲ੍ਹਾਂ 'ਤੇ ਲਗਾਇਆ ਜਾ ਸਕਦਾ ਸੀ। ਇਹ ਮੈਂਬਰ ਜਿੱਥੇ ਵੀ ਗਏ, ਉਨ੍ਹਾਂ ਨੇ ਪਾਇਆ ਕਿ ਕੁਪੋਸ਼ਣ ਕਾਰਨ, ਲੋਕ ਬੌਣੇ ਬਣਨਾ ਸ਼ੁਰੂ ਹੋ ਗਏ ਸਨ ਅਤੇ ਲਗਭਗ ਪਾਟੇ ਕੱਪੜਿਆਂ ਵਿੱਚ ਰਹਿ ਰਹੇ ਸਨ। ਇਹ ਕਹਿਣ ਦੀ ਲੋੜ ਨਹੀਂ ਕਿ ਗਹਿਣੇ ਅਤੇ ਸਜਾਵਟ ਜਿਵੇਂ ਕਿ ਕੰਨਾਂ ਦੀਆਂ ਵਾਲੀਆਂ, ਜੋ ਕਿ ਪੁਰਾਣੇ ਜ਼ਮਾਨੇ ਵਿੱਚ ਸਭ ਤੋਂ ਗਰੀਬ ਤਿੱਬਤੀ ਵੀ ਪਹਿਨਦੇ ਸਨ, ਬਹੁਤ ਪਹਿਲਾਂ ਹੀ ਖਤਮ ਹੋ ਗਈਆਂ ਹਨ।

ਸਖ਼ਤ ਮਿਹਨਤ ਲਈ ਵੀ, ਲੋਕਾਂ ਤੋਂ ਇੰਨਾ ਜ਼ਿਆਦਾ ਟੈਕਸ ਲਿਆ ਜਾਂਦਾ ਹੈ ਕਿ ਵਿਸ਼ਵਾਸ ਕਰਨਾ ਔਖਾ ਹੈ। ਪਰ ਇਹ ਟੈਕਸ ਨਹੀਂ ਸਗੋਂ 'ਕਿਰਾਇਆ' ਜਾਂ ਕੁਝ ਹੋਰ ਹਨ। ਖਾਨਾਬਦੋਸ਼ਾਂ ਨੂੰ ਵੀ ਅਨਿਸ਼ਚਿਤ ਜੀਵਨ ਦੇ 'ਲਾਭ' ਦੇ ਨਾਮ 'ਤੇ ਟੈਕਸ ਦੇਣਾ ਪੈਂਦਾ ਹੈ। ਕੁੱਲ ਮਿਲਾ ਕੇ, ਤਿੱਬਤ ਦੇ ਲੋਕਾਂ ਲਈ ਇਹ ਆਰਥਿਕ ਪ੍ਰੋਗਰਾਮ ਤਸ਼ੱਦਦ ਤੋਂ ਘੱਟ ਨਹੀਂ ਸੀ।

ਇੰਨਾ ਹੀ ਕਾਫੀ ਨਹੀਂ ਮੈਂਬਰਾਂ ਨੇ ਦੇਖਿਆ ਕਿ ਤਿੱਬਤੀ ਸੱਭਿਆਚਾਰ ਨੂੰ ਬੇਰਹਿਮੀ ਨਾਲ ਦਬਾਇਆ ਜਾ ਰਿਹਾ ਸੀ। ਉਦਾਹਰਣ ਵਜੋਂ, ਸਿਰਫ਼ ਚੀਨੀ ਧੁਨਾਂ 'ਤੇ ਰਾਜਨੀਤਿਕ ਗੀਤ ਗਾਉਣ ਦੀ ਇਜਾਜ਼ਤ ਸੀ। ਧਰਮ 'ਤੇ ਪਾਬੰਦੀ ਲਗਾਈ ਗਈ ਸੀ। ਹਜ਼ਾਰਾਂ ਮੱਠਾਂ ਦੀ ਬੇਅਦਬੀ ਕੀਤੀ ਗਈ ਸੀ। ਉਨ੍ਹਾਂ ਨੇ ਸੁਣਿਆ ਕਿ 1950 ਦੇ ਦਹਾਕੇ ਤੋਂ ਬਾਦ ਤੋਂ ਹੀ ਇਹ ਕੀਤਾ ਜਾ ਰਿਹਾ ਹੈ। ਪਹਿਲਾਂ, ਇੱਕ ਕਲਰਕ ਹਰੇਕ ਮੱਠ ਵਿੱਚ ਜਾਂਦਾ ਸੀ ਅਤੇ ਚੀਜ਼ਾਂ ਦੀ ਸੂਚੀ ਬਣਾਉਂਦਾ ਸੀ। ਫਿਰ ਮਜ਼ਦੂਰਾਂ ਦੀ ਇੱਕ ਟੀਮ ਆਉਂਦੀ ਸੀ ਅਤੇ ਚੀਨ ਭੇਜਣ ਲਈ ਕੀਮਤੀ ਸਮਾਨ ਨੂੰ ਟਰੱਕਾਂ 'ਤੇ ਲੱਦਦੀ ਸੀ। ਜਿੱਥੇ ਇਸ ਲੁੱਟੀ ਹੋਈ ਸਮੱਗਰੀ ਨੂੰ ਜਾਂ ਤਾਂ ਸੋਨੇ ਲਈ ਪਿਘਲਾ ਦਿੱਤਾ ਜਾਂਦਾ ਸੀ ਜਾਂ ਅੰਤਰਰਾਸ਼ਟਰੀ ਕਲਾ ਬਾਜ਼ਾਰ ਵਿੱਚ ਪੈਸੇ ਲਈ ਵੇਚਿਆ ਜਾਂਦਾ ਸੀ। ਇਸ ਤੋਂ ਬਾਅਦ, ਮਜ਼ਦੂਰ ਜਾਂਦੇ ਸਨ ਅਤੇ ਉੱਥੋਂ ਛੱਤ ਦੀਆਂ ਟਾਈਲਾਂ, ਲੱਕੜ ਆਦਿ ਵਰਗੀਆਂ ਉਪਯੋਗੀ ਚੀਜ਼ਾਂ ਬਾਹਰ ਲਿਆਉਂਦੇ ਸਨ। ਅੰਤ ਵਿੱਚ, ਸਥਾਨਕ ਆਬਾਦੀ ਨੂੰ "ਭ੍ਰਿਸ਼ਟ" ਭਿਕਸ਼ੂਆਂ ਅਤੇ ਪੁਰਾਣੇ ਸਮਾਜ ਪ੍ਰਤੀ "ਅਨਾਦਰ" ਦਿਖਾਉਣ ਲਈ ਮਜਬੂਰ ਕੀਤਾ ਗਿਆ ਸੀ। ਕੁਝ ਹਫ਼ਤਿਆਂ ਵਿੱਚ, ਇੱਟਾਂ ਅਤੇ ਪੱਥਰਾਂ ਦੇ ਢੇਰ ਤੋਂ ਇਲਾਵਾ ਉੱਥੇ ਕੁਝ ਵੀ ਨਹੀਂ ਬਚਿਆ ।

ਇਹ ਮੱਠ ਤਿੱਬਤ ਦੀ ਅਸਲ ਜਾਇਦਾਦ ਸਨ। ਸੈਂਕੜੇ ਸਾਲਾਂ ਤੋਂ, ਤਿੱਬਤੀ ਪਰਿਵਾਰ ਇਨ੍ਹਾਂ ਮੱਠਾਂ ਨੂੰ ਜੋ ਵੀ ਦਾਨ ਕਰ ਸਕਦੇ ਸਨ, ਕਰ ਰਹੇ ਸਨ। ਅਤੇ ਹੁਣ ਇਹ ਸਾਰੀ ਦੌਲਤ ਚੀਨ ਦੇ ਲਾਲਚੀ ਢਿੱਡ ਵਿੱਚ ਜਾ ਰਹੀਂ ਸੀ।

ਜਦੋਂ ਇਹ ਕਾਫ਼ੀ ਨਹੀਂ ਸੀ, ਤਾਂ ਚੀਨੀ ਅਧਿਕਾਰੀਆਂ ਨੇ ਤਿੱਬਤੀ ਆਬਾਦੀ ਨੂੰ ਕੰਟਰੋਲ ਕਰਨ ਦਾ ਫੈਸਲਾ ਕੀਤਾ। **ਤਿੱਬਤ ਵਿੱਚ ਪ੍ਰਤੀ ਜੋੜੇ ਦੋ ਬੱਚਿਆਂ ਦੀ ਸੀਮਾ ਲਾਗੂ ਕੀਤੀ ਗਈ ਹੈ।** ਖੁਦ ਚੀਨ ਵਿੱਚ ਹੀ ਲਾਗੂ ਨਹੀਂ ਹੈ, ਜਿਸ ਤਰ੍ਹਾਂ ਕੀ ਦਾਅਾਵਾ ਕੀਤਾ ਗਿਆ । ਜੋ ਵੀ ਇਸ ਕੋਟੇ ਨੂੰ ਪਾਰ ਕਰ ਗਿਆ ਉਸਨੂੰ ਮੈਡੀਕਲ ਸੈਂਟਰ ਭੇਜਿਆ ਜਾਂਦਾ ਸੀ, ਜਿਸਨੂੰ ਗਿਆਂਤਸੇ ਵਿੱਚ "ਕਸਾਈਘਰ" ਕਿਹਾ ਜਾਂਦਾ ਹੈ। ਉੱਥੇ, ਗਰਭਵਤੀ ਔਰਤਾਂ ਨੂੰ (ਦੋ ਬੱਚੇ ਵਾਲੀਆਂ) ਨਸਬੰਦੀ ਤੋਂ ਪਹਿਲਾਂ ਗਰਭਪਾਤ ਕਰ ਦਿੱਤਾ ਜਾਂਦਾ ਸੀ। ਬਹੁਤ ਸਾਰੀਆਂ ਔਰਤਾਂ ਨੂੰ ਉਨ੍ਹਾਂ ਦੀ ਅਸਹਿਮਤੀ ਦੇ ਬਾਵਜੂਦ ਜਨਮ ਨਿਯੰਤਰਣ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਸੀ, ਜਿਵੇਂ ਕਿ ਹਾਲ ਹੀ ਵਿੱਚ ਤਿੱਬਤ ਤੋਂ ਆਈਆਂ ਔਰਤਾਂ ਦੁਆਰਾ ਦੱਸਿਆ ਗਿਆ ਸੀ ਕਿ ਉਸਦੇ ਅੰਦਰ ਇੱਕ ਤਾਂਬੇ ਦਾ IUD ਲਗਾਇਆ ਗਿਆ ਸੀ।

ਅਤੇ ਜਦੋਂ ਲੋਕ ਬਗਾਵਤ ਵਿੱਚ ਉੱਠੇ, ਜਿਵੇਂ ਕਿ 1959 ਤੋਂ ਬਾਅਦ ਕਈ ਮੌਕਿਆਂ 'ਤੇ ਹੋਇਆ, ਤਾਂ ਪਿੰਡਾਂ ਨੂੰ ਤਹਸ ਨਹਸ ਕਰ ਦਿੱਤਾ ਗਿਆ। ਵਸਨੀਕਾਂ ਨੂੰ ਕਤਲ ਕਰ ਦਿੱਤਾ ਗਿਆ। ਹਜ਼ਾਰਾਂ ਲੋਕਾਂ ਨੂੰ ਜੇਲ੍ਹ ਵਿੱਚ ਸੁੱਟ ਦਿੱਤਾ ਗਿਆ। ਉੱਥੇ ਉਨ੍ਹਾਂ ਨੂੰ ਬਹੁਤ ਬੁਰੀਆਂ ਹਾਲਤਾਂ ਵਿੱਚ ਰੱਖਿਆ ਗਿਆ, ਦਿਨ ਵੇਲੇ ਜ਼ਬਰਦਸਤੀ ਮਜ਼ਦੂਰੀ ਕਰਾਉਂਦੇ ਅਤੇ ਦੇਰ ਰਾਤ ਤੱਕ "ਥਾਮਜਿੰਗ ਸੈਸ਼ਨ" ਚੱਲਦੇ । ਅਤੇ ਸਿਰਫ਼ ਢਿੱਡ ਭਰਨ ਲਈ ਇੰਨਾ ਕੁ ਭੋਜਨ ਕਿ ਦਮ ਵੀ ਨ ਨਿਕਲੇ । ਮੈਂ ਖੁਦ ਇਸ ਬਾਰੇ ਕਈ ਤਿੱਬਤੀਆਂ ਨਾਲ ਗੱਲ ਕੀਤੀ ਹੈ ਜੋ ਚੀਨੀਆਂ ਦੇ ਕੈਦੀ ਸਨ। ਉਨ੍ਹਾਂ ਵਿੱਚੋਂ ਇੱਕ ਡਾ. ਤੇਨਜ਼ਿਨ ਚੋਡਾਕ ਸਨ, ਜਿਨ੍ਹਾਂ ਨੂੰ 1950 ਦੇ ਦਹਾਕੇ ਦੇ ਅਖੀਰ ਵਿੱਚ ਮੇਰਾ ਜੂਨੀਅਰ ਨਿੱਜੀ ਡਾਕਟਰ ਨਿਯੁਕਤ ਕੀਤਾ ਗਿਆ ਸੀ। ਜਦੋਂ ਪਹਿਲਾ ਤੱਥ-ਖੋਜ ਮਿਸ਼ਨ ਬੀਜਿੰਗ ਗਿਆ, ਤਾਂ ਮੈਂ ਉੱਥੋਂ ਦੇ ਅਧਿਕਾਰੀਆਂ ਨੂੰ ਬੇਨਤੀ ਕੀਤੀ ਸੀ ਕਿ ਉਹ ਉਸਨੂੰ ਰਿਹਾਅ ਕਰਨ ਅਤੇ ਉਸਨੂੰ ਮੇਰੇ ਨਾਲ ਜਲਾਵਤਨੀ ਵਿੱਚ ਸ਼ਾਮਲ ਹੋਣ ਦੀ ਆਗਿਆ ਦੇਣ।

ਸ਼ੁਰੂ ਵਿੱਚ ਕੋਈ ਵੀ ਗੱਲ ਨਹੀਂ ਬਣੀ , ਪਰ ਇੱਕ ਸਾਲ ਬਾਅਦ ਉਸਨੂੰ ਆਖਰਕਾਰ ਰਿਹਾਅ ਕਰ ਦਿੱਤਾ ਗਿਆ ਅਤੇ ਚੋਡਾਕ 1980 ਦੇ ਅਖੀਰ ਵਿੱਚ ਧਰਮਸ਼ਾਲਾ ਵਿੱਚ ਮੇਰੇ ਕੋਲ ਆਇਆ। ਉਸਨੂੰ ਉਸ ਬੇਰਹਿਮੀ ਅਤੇ ਅਪਮਾਨ ਬਾਰੇ ਦੱਸਣਾ ਪਿਆ ਜੋ ਉਸਨੇ ਸਹਿਣ ਕੀਤਾ ਸੀ। ਉਸਨੇ ਜੋ ਕਹਾਣੀਆਂ ਸੁਣਾਈਆਂ ਉਹ ਲਗਭਗ ਯਕੀਨ ਕਰਨ ਯੋਗ ਨਹੀਂ ਸਨ। ਉਹ ਪਿਛਲੇ ਵੀਹ ਸਾਲਾਂ ਦੌਰਾਨ ਕਈ ਵਾਰ ਭੁੱਖਮਰੀ ਨਾਲ ਮੌਤ ਤੋਂ

ਬਚ ਗਿਆ ਸੀ। ਉਸਨੇ ਦੱਸਿਆ ਕਿ ਕਿਵੇਂ ਉਸਨੂੰ ਅਤੇ ਉਸਦੇ ਸਾਥੀ ਕੈਦੀਆਂ ਨੂੰ ਭੋਜਨ ਦੀ ਬਜਾਏ ਕੱਪੜੇ ਖਾਣ ਲਈ ਮਜਬੂਰ ਕੀਤਾ ਗਿਆ ਸੀ, ਅਤੇ **ਕਿਵੇਂ ਇੱਕ ਵਾਰ ਉਸਦੇ ਹਸਪਤਾਲ ਦੇ ਸਾਥੀ ਨੇ , ਨਿਰਾਸ਼ਾ ਵਿੱਚ, ਉਸਦੇ ਆਪਣੇ ਮਲ ਦੇ ਇੱਕ ਛੋਟੇ ਜਿਹੇ ਹਿੱਸੇ ਵਿੱਚੋਂ ਨਿਕਲੇ ਇੱਕ ਕੀੜੇ ਨੂੰ ਧੋਤਾ ਅਤੇ ਖਾਧਾ।**

ਮੈਂ ਇਹਨਾਂ ਵਿੱਚੋਂ ਕਿਸੇ ਵੀ ਗੱਲ ਨੂੰ ਬਿਨਾਂ ਕਾਰਨ ਦੁਹਰਾਉਂਦਾ ਨਹੀਂ ਹਾਂ। ਇੱਕ ਬੋਧੀ ਭਿਕਸ਼ੂ ਹੋਣ ਦੇ ਨਾਤੇ, ਮੈਂ ਇਹ ਗੱਲਾਂ ਆਪਣੇ ਚੀਨੀ ਭਰਾਵਾਂ ਅਤੇ ਭੈਣਾਂ ਨੂੰ ਨਾਰਾਜ਼ ਕਰਨ ਲਈ ਨਹੀਂ ਲਿਖਦਾ। ਸਗੋਂ, ਮੈਂ ਇਹ ਇਸ ਲਈ ਲਿਖਦਾ ਹਾਂ ਕਿਉਂਕਿ ਮੈਂ ਆਪਣੇ ਲੋਕਾਂ ਨੂੰ ਸਿੱਖਿਅਤ ਕਰਨਾ ਚਾਹੁੰਦਾ ਹਾਂ। ਬਿਨਾਂ ਸ਼ੱਕ ਬਹੁਤ ਸਾਰੇ ਚੰਗੇ ਚੀਨੀ ਹਨ ਜੋ ਤਿੱਬਤ ਦੀ ਅਸਲ ਸਥਿਤੀ ਤੋਂ ਜਾਣੂ ਨਹੀਂ ਹਨ। ਅਤੇ ਨਾ ਹੀ ਮੈਂ ਇਹਨਾਂ ਭਿਆਨਕ ਤੱਥਾਂ ਨੂੰ ਕਿਸੇ ਕੁੜੱਤਣ ਨਾਲ ਲਿਖਦਾ ਹਾਂ। ਇਸ ਦੇ ਉਲਟ, ਇਹ ਗੱਲਾਂ ਵਾਪਰੀਆਂ ਹਨ। ਇਸ ਲਈ ਭਵਿੱਖ ਵੱਲ ਦੇਖਣ ਤੋਂ ਇਲਾਵਾ ਕੁਝ ਨਹੀਂ ਕੀਤਾ ਜਾ ਸਕਦਾ।

ਲਗਭਗ ਦਸ ਸਾਲ ਪਹਿਲਾਂ, ਪਹਿਲੇ ਤੱਥ-ਖੋਜ ਮਿਸ਼ਨ ਦੀ ਵਾਪਸੀ ਤੋਂ ਬਾਅਦ, ਇਸਦੇ ਨਤੀਜਿਆਂ ਦੀ ਪੁਸ਼ਟੀ ਲਈ ਹੋਰ ਤਿੱਬਤੀ ਮਿਸ਼ਨਾਂ, ਪੱਤਰਕਾਰਾਂ, ਸੈਲਾਨੀਆਂ ਦੇ ਨਾਲ-ਨਾਲ ਕੁਝ ਹਮਦਰਦ ਚੀਨੀ ਲੋਕਾਂ ਸਮੇਤ ਕਈ ਸਰੋਤਾਂ ਤੋਂ ਬਹੁਤ ਸਾਰੀਆਂ ਰਿਪੋਰਟਾਂ ਆਈਆਂ ਹਨ। ਪਰ ਇਸ ਦੌਰਾਨ ਤਸਵੀਰ ਕਈ ਤਰੀਕਿਆਂ ਨਾਲ ਹੋਰ ਵੀ ਵਿਗੜ ਗਈ ਹੈ।

ਅਸੀਂ ਹੁਣ ਜਾਣਦੇ ਹਾਂ ਕਿ ਲਗਭਗ 300,000 ਚੀਨੀ ਫੌਜ ਤਿੱਬਤ ਵਿੱਚ ਤਾਇਨਾਤ ਹੈ, ਬਹੁਤ ਸਾਰੇ ਭਾਰਤ ਨਾਲ ਅਜੇ ਵੀ ਵਿਵਾਦਤ ਸਰਹੱਦ 'ਤੇ, ਅਤੇ ਘੱਟੋ-ਘੱਟ 50,000 ਫੌਜ ਲਹਾਸਾ ਤੋਂ ਇੱਕ ਦਿਨ ਦੀ ਦੂਰੀ 'ਤੇ ਬੈਠੇ ਹਨ ਅਤੇ ਇਸ ਤੋਂ ਇਲਾਵਾ ਇਹ ਵੀ ਕਿ ਚੀਨ ਨੇ ਆਪਣੇ ਪ੍ਰਮਾਣੂ ਹਥਿਆਰਾਂ ਦਾ ਘੱਟੋ-ਘੱਟ ਇੱਕ ਤਿਹਾਈ ਹਿੱਸਾ ਤਿੱਬਤੀ ਧਰਤੀ 'ਤੇ ਤਾਇਨਾਤ ਕੀਤਾ ਹੈ। ਤਿੱਬਤ, ਦੁਨੀਆ ਦੇ ਸਭ ਤੋਂ ਵੱਡੇ ਯੂਰੇਨੀਅਮ ਭੰਡਾਰਾਂ ਵਿੱਚੋਂ ਇੱਕ ਹੈ। ਇਸ ਕਰਕੇ ਚੀਨੀਆਂ ਨੂੰ ਮਾਈਨਿੰਗ ਅਤੇ ਜ਼ਿਆਦਾ ਰੇਡੀਏਸ਼ਨ ਵਾਲੇ ਰਹਿੰਦ-ਖੂੰਹਦ ਤੋਂ ਬਹੁਤ ਵੱਡਾ ਖ਼ਤਰਾ ਹੈ। ਅਤੇ ਉੱਤਰ-ਪੂਰਬੀ ਪ੍ਰਾਂਤ ਅਮਡੋ, ਜਿੱਥੇ ਮੇਰਾ ਜਨਮ ਹੋਇਆ ਸੀ, ਵਿੱਚ ਇੱਕ ਇੰਨਾ ਵੱਡਾ "ਗੁਲਾਗ" ਹੈ ਕਿ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਇਸ ਵਿੱਚ ਇੱਕ ਕਰੋੜ ਕੈਦੀ ਹੋ ਸਕਦੇ ਹਨ।

ਅਤੇ ਤਿੱਬਤ ਵਿੱਚ ਵੱਡੀ ਗਿਣਤੀ ਵਿੱਚ ਚੀਨੀ ਲੋਕਾਂ ਨੂੰ ਵਸਾਉਣ ਦੇ ਪ੍ਰੋਗਰਾਮ ਦੇ ਹਿੱਸੇ ਵਜੋਂ, ਤਿੱਬਤ ਵਿੱਚ ਚੀਨੀ ਆਬਾਦੀ ਹੁਣ ਤਿੱਬਤੀਆਂ ਨਾਲੋਂ ਕਿਤੇ ਵੱਧ ਹੈ। ਅਤੇ ਮੇਰੇ ਸਾਥੀ ਦੇਸ਼ ਵਾਸੀ ਅਤੇ ਭੈਣ-ਭਰਾ ਆਪਣੇ ਦੇਸ਼ ਵਿੱਚ ਇੱਕ ਸੈਲਾਨੀ ਆਕਰਸ਼ਣ ਤੋਂ ਵੱਧ ਕੁਝ ਨਾ ਹੋਣ ਦੇ ਗੰਭੀਰ ਖ਼ਤਰੇ ਵਿੱਚ ਹਨ।

****

sjeet